# ਜਦ ਜ਼ਿਕਰ ਤੇਰਾ ਹੋਈ



ਤਰਿਜ਼ੀਧ

www.Punjabilibrary.com

# ਜਦ ਜ਼ਿਕਰ ਤੇਰਾ ਹੋਵੇ

**By :- ਤਹਿਜ਼ੀਬ**

**E-Mail:- tehzeeb865@gmail.com**

oooooooooooooooooooo oooooooooooooooooooo

www.punjabilibrary.com

# ਭੂਮਿਕਾ

ਹਰ ਕੋਈ ਕਿਸੇ ਹੱਦ ਤੇ ਰੋਂਦਾ ਏ , ਸੋਚੋ ਓਹ ਇਨਸਾਨ ਕਿੰਨਾ ਬੇਹੱਦ ਹੋ ਚੁੱਕਾ ਹੋਵੇਗਾ, ਜੋ ਹਾਲ ਪੁੱਛਣ ਤੇ ਵੀ ਰੋ ਪਿਆ। ਜ਼ਿੰਦਗੀ ਕਦੋਂ ਦੁਲਾਰੇ ਤੇ ਕਦੋਂ ਦੁਰਕਾਰੇ,ਇਹ ਕਿਸੇ ਦੇ ਵੀ ਸਮਝ ਦੀਆਂ ਗੱਲਾਂ ਨਹੀਂ , ਕੁਝ ਹਾਦਸੇ ਤੇ ਕੁਝ ਗੱਲਾਂ ਦਿਲ ਤੇ ਸਦੀਵੀ ਛਾਪ ਛੱਡ ਜਾਂਦੀਆਂ ਨੇ । ਇਹ ਨਾ ਤਾਂ ਕਹਿਣ ਵਾਲੇ ਦੇ ਵੱਸ ਹੁੰਦੀਆਂ ਤੇ ਨਾ ਸਾਂਭਣ ਵਾਲੇ ਦੇ , ਸ਼ਾਇਦ ਕੁਦਰਤ ਦਾ ਖੇਡ ਹੁੰਦਾ ਏ, ਕਿਸੇ ਤੋ ਹਾਸੇ ਖੋਹਣ ਲਈ ਤੇ ਕਿਸੇ ਨੂੰ ਵਾਪਿਸ ਕਰਨ ਲਈ ਇਸੇ ਕਸ਼ਮਕਸ਼ ਵਿੱਚ ਤੁਰਦੇ ਅਸੀਂ ਕੁਦਰਤ ਦੇ ਵਰਤਾਰੇ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਾਂ। ਨਿੱਕੀਆਂ ਨਿੱਕੀਆਂ ਪੈੜਾਂ ਪੁੱਟਦੇ ਜਿਵੇਂ ਕੱਲੇ ਕੱਲੇ ਪੱਤੇ ਨੂੰ , ਹਵਾ ਦੀ ਹਰ ਲਹਿਰ ਨੂੰ ਜੀ ਹਾਂਜੀ ਕਹਿ ਰਹੇ ਹੋਈਏ.... ਕਈ ਵਾਰ ਬੱਚਿਆਂ ਵਾਂਗ ਅੱਕ ਵੀ ਜਾਂਦੇ ਆਂ ਤੇ ਉਹੀ ਪੱਤਿਆਂ ਲਹਿਰਾਂ ਨੂੰ ਦੋਸ਼ੀ ਮੰਨਣ ਲੱਗ ਜਾਂਦੇ ਆਂ ਪਰ ਇਹ ਸਫ਼ਰ ਐ ਕਿਸੇ ਵੀ ਤਰ੍ਹਾਂ ਕਿਸੇ ਵੀ ਹਾਲ ਵਿੱਚ ਤੁਰਦੇ ਰਹਿਣਾ ਹੀ ਪੈਂਦਾ ਏ,ਕਦੇ ਕਦੇ ਸਮਾਂ ਧਰਵਾਸ ਬਣ ਮਿਲਦਾ ਏ ਤੇ ਕਦੇ ਕਦੇ ਰੂਹ ਦਾ ਖਾਲੀਪਣ ਤੇ ਕੁਦਰਤ ਸਾਨੂੰ ਸਮੇਟਦੀ ਅਜ਼ਾਦ ਕਰਦੀ ਹਰ ਸ਼ੈਅ ਭਰਦੀ ਰਹਿੰਦੀ ਏ

******

## ਜਦ ਜ਼ਿਕਰ ਤੇਰਾ ਹੋਵੇ

ਖੁੱਲ੍ਹੇ ਵਿਹੜੇ ਵਿੱਚ ਮੰਜੇ ਤੇ ਪਈ ਰਮਜ਼ ਬੱਦਲਾਂ ਓਹਲੇ ਹੋਏ ਚੰਨ ਵੱਲ ਵੇਖਦੀ ਆਪਣੀਆਂ ਸੋਚਾਂ ਵਿੱਚ ਡੁੱਬੀ ਹੋਈ ਸੀ। ਜਿਵੇਂ ਓਹ ਚੰਨ ਉਸਨੂੰ ਆਪਣਾ ਵਜੂਦ ਜਾਪਦਾ ਹੋਵੇ ਤੇ ਓਹ ਵੀ ਉਸ ਵਾਂਗ ਬੱਦਲਾਂ ਓਹਲੇ ਲੁਕ ਜਾਣਾ ਲੋਚਦੀ ਹੋਵੇ । ਨੀਂਦ ਉਸਦੇ ਨੇੜੇ ਤੇੜੇ ਵੀ ਨਹੀਂ ਸੀ , ਅੱਖ ਲੱਗਣ ਹੀ ਲੱਗੀ ਸੀ ਕਿ ਇੰਨੇ ਨੂੰ ਕਿਣ ਮਿਣ ਸ਼ੁਰੂ ਹੋ ਗਈ। ਇਕਦਮ ਸ਼ੁਰੂ ਹੋਈ ਇਸ ਬਿਨ ਮੌਸਮੀ ਬਰਸਾਤ ਨਾਲ਼ ਸਭਦੀ ਅੱਖ ਖੁੱਲ ਗਈ , ਸੱਭੇ ਆਪੋ ਆਪਣੇ ਕਮਰਿਆਂ ਵਿੱਚ ਜਾਣ ਲਈ ਮੰਜੇ ਚੁੱਕਣ ਲੱਗ ਪਏ।

"ਭਾਈ ਤੂੰ ਅਰਾਮ ਨਾਲ਼ ਸੌਂਜਾ , ਕਿਤੇ ਕੱਲ ਨੂੰ ਤੈਨੂੰ ਦੇਖਣ ਆਉਣ ਵਾਲੇ ਤੇਰਾ ਮੂੰਹ ਦੇਖ ਕੇ ਹੀ ਭੱਜ ਜਾਣ......" .ਰਮਜ਼ ਦਾ ਭਰਾ **ਸ਼ਬਦ** ਉਸਨੂੰ ਛੇੜਦਾ ਹੋਇਆ ਅੰਦਰ ਜਾਂਦਾ ਕਹਿਣ ਲੱਗਾ । ਰਮਜ਼ ਵੀ ਉਸਨੂੰ ਅਣਸੁਣਿਆ ਕਰ ਮੂੰਹ ਬਣਾ ਆਪਣੇ ਕਮਰੇ ਵਿੱਚ ਜਾਣ ਲਈ ਉਸਦੇ ਪਿੱਛੇ ਆ ਰਹੀ ਸੀ ।

"ਅਖੇ ਵਿਹੜੇ ਵਿੱਚ ਸੌਂਦੇ ਆਂ....! ਇਹ ਇੱਡੀ ਵੱਡੀ ਇਮਾਰਤ ਚੂਹੇ ਰੱਖਣ ਨੂੰ ਬਣਾਈ ਸੀ ਅਸੀਂ ....." ਸ਼ਬਦ ਫ਼ਿਰ ਉਸਨੂੰ ਖਿਝਾਉਣ ਲਈ ਕਹਿੰਦਾ ਹੈ ਉਹ ਚਾਹੁੰਦਾ ਸੀ ਰਮਜ਼ ਉਸ ਨਾਲ਼ ਬਹਿਸ ਕਰੇ ।

"ਕਾਸ਼ ਰੱਬ ਤੈਨੂੰ ਥੋੜ੍ਹੀ ਅਕਲ ਦੇਕੇ ਭੇਜਦਾ .... " ਰਮਜ਼ ਉਸਨੂੰ ਅੱਖਾਂ ਕੱਢ ਦੀ ਕਹਿੰਦੀ ਹੈ ।

" ਤੇ ਤੈਨੂੰ ਸ਼ਕਲ,,,, " ਸ਼ਬਦ ਆਪਣੀ ਇਸ ਨਿੱਕੀ ਜਿੱਤ ਤੇ ਹੱਸਦਾ ਰਮਜ਼ ਨੂੰ ਹਸਾਉਂਦਾ ਬੋਲਦਾ ਹੈ

## ਅਗਲੀ ਸਵੇਰ

ਰਮਜ਼ ਗੁੰਮ ਸੁੰਮ ਆਪਣੇ ਕਮਰੇ ਵਿੱਚ ਬੈਠੀ ਸੀ ..... ਉਸਦੇ ਮੰਮੀ ਕਮਰੇ ਵਿਚ ਆਏ ਤੇ ਉਸਨੂੰ ਤਿਆਰ ਹੋਣ ਲਈ ਕਹਿਣ ਲੱਗੇ ।
“ ਮੰਮੀ ਮੈਂ ਹਜੇ ਤਿਆਰ ਨਹੀਂ ਇਸ ਸਭ ਲਈ ” ਰਮਜ਼ ਭਰੀਆਂ ਅੱਖਾਂ ਨਾਲ਼ ਉਹਨਾਂ ਵੱਲ ਵੇਖਦੀ ਕਹਿੰਦੀ ਹੈ ।

“ ਕਮਲ਼ੀ.....! ਤਿਆਰ ਤਾਂ ਪੁੱਤਰ ਕੋਈ ਵੀ ਨਹੀਂ ਹੁੰਦਾ ਆਪਣੇ ਮਾਂ ਪਿਓ ਦਾ ਘਰ ਛੱਡਣ ਲਈ..... ਹੁਣ ਦੇਖ ਤੂੰ ਆਪਣੇ ਪੈਰਾਂ ਤੇ ਖੜੀ ਹੋਗੀ , ਸਭ ਕੁਝ ਹੋ ਗਿਆ ਪੁੱਤ , ਜਾਂ ਤਾਂ ਦੱਸ ਤੇਰੇ ਨਾਲ਼ ਅਸੀਂ ਧੱਕਾ ਕੀਤਾ ਕੋਈ .... ਘਰ ਤਾਂ ਵਸਾਉਣਾ ਹੀ ਪੈਂਦਾ , ਇਹ ਰੀਤ ਐ ਦੁਨੀਆ ਦੀ ” ਉਸਦੇ ਮੰਮੀ ਹੱਸਦੇ ਕਹਿੰਦੇ ਹਨ ।

“ ਤੇ ਹੋਰ ਕੀ....ਅਸੀਂ ਤਾਂ ਤੈਨੂੰ ਇਹ ਵੀ ਆਖ ਲਿਆ , ਭੀ ਭਾਈ ਕੋਈ ਪਸੰਦ ਹੈ ਤਾਂ ਵੀ ਦੱਸਦੇ.....! ” ਇੰਨੇ ਨੂੰ ਰਮਣੀਕ (ਉਸਦੀ ਭਾਬੀ ) ਕਮਰੇ ਵਿੱਚ ਆਉਂਦੀ ਕਹਿੰਦੀ ਹੈ ।

“ ਨਹੀਂ ਕੋਈ ਨੀਂ,,,,” ਰਮਜ਼ ਮੂੰਹ ਫੇਰ ਕੇ ਬੈਠ ਗਈ ਤੇ ਉਹਨਾਂ ਵੱਲ ਪਿੱਠ ਕਰਦੀ ਕਹਿੰਦੀ ਹੈ।

ਮੰਮੀ : “ਚੱਲ ਸ਼ੁਕਰ ਆ ,,,, ਫ਼ੇਰ ਤੂੰ ਜਿਆਦਾ ਦੁਖੀ ਹੋਣਾ ਸੀ,,,,”
ਰਮਜ਼ ਹੈਰਾਨੀ ਨਾਲ਼ ਮੁੜ ਪਿੱਛੇ ਵੇਖਦੀ ਕਹਿੰਦੀ ਹੈ ,,,,, “ ਮਤਲਬ ? ਫੇਰ ਪਸੰਦ ਕੀ ਕਰਨ ਨੂੰ ਪੁੱਛ ਰਹੇ ਸੀ ?”

“ਜੁੱਤੀਆਂ ਫੇਰਨ ਨੂੰ ,,,” ਸ਼ਬਦ ਆਉਂਦਾ ਹੋਇਆ ਹੱਸਦਾ  ਕਹਿੰਦਾ ਹੈ।

ਰਮਜ਼ ਨਕਲੀ ਹੱਸਦੀ ਤਿਆਰ ਹੋਣ ਚਲੇ ਗਈ  ਤੇ  ਪਿੱਛੋਂ ਉਸਦਾ ਫੋਨ ਵੱਜਣ  ਲੱਗਾ । ਉਸਦੇ ਮੰਮੀ ਫੋਨ ਚੁੱਕ ਕੇ ਖਿਝਦੇ ਹੋਏ ਕਹਿੰਦੇ “ ਵੇ ਅੱਜ ਛੱਡ ਦੋ ਆਪਣੀ ਮੈਡਮ ਨੂੰ,,,,, ਕਿਧਰੇ ਇਹ ਸਹੁਰੇ ਘਰ ਜਾਕੇ ਵੀ ਕਹੀ ਜਾਵੇ , ਮੇਰਾ ਆਰਡਰ ਮੰਨੋ ”,,,ਤੇ ਕੱਟ ਦਿੰਦੇ ਹਨ ।

“ ਮੰਮਾ ਯਾਰ,ਮੇਰਾ ਜ਼ਰੂਰੀ ਫੋਨ ਸੀ ,,,, ਸਾਰੀ ਕੰਪਨੀ ਦੀ ਜਿੰਮੇਵਾਰੀ ਮੇਰੇ ਸਿਰ ਤੇ ਆ ,ਉੱਤੋਂ ਤੁਸੀ ਹੋਰ ਪਾਉਣ ਨੂੰ ਫਿਰਦੇ ਹੋ ” ਰਮਜ਼ ਆਉਂਦੀ ਹੋਈ ਕਹਿੰਦੀ ਹੈ। ਉਸਦੇ ਮੰਮੀ ਗੱਲ ਨੂੰ ਇਗਨੋਰ ਕਰਦੇ ਚਲੇ ਗਏ ਤੇ ਤਿਆਰੀਆਂ ਕਰਨ ਵਿੱਚ ਰੁੱਝ ਗਏ।

ਰਮਜ਼ ਸੋਚਾਂ ਵਿੱਚ ਡੁੱਬੀ ਹੋਈ ਸੀ । ਕੁਝ ਦੇਰ ਬਾਅਦ ਘਰ ਅੱਗੇ ਇੱਕ ਗੱਡੀ ਆਕੇ ਰੁਕਦੀ ਹੈ ।

“ਇੰਨੀ ਘਬਰਾਹਟ ਤਾਂ ਕਦੇ ਬਿਜ਼ਨਸ ਮੀਟਿੰਗ ਵਿੱਚ ਪ੍ਰੈਜ਼ੈਂਨਟੇਸ਼ਨ ਦੇਣ ਲੱਗੇ ਨੀਂ ਹੋਈ ,,! , ਹੋਵੇ ਵੀ ਕਿਉ ਨਾ ਯਾਰ ,,,ਇਥੇ ਤਾਂ ਮੇਰੀ ਜ਼ਿੰਦਗੀ ਦਾ ਸਵਾਲ ਆ,,,,” ਆਪਣੀਆਂ ਸੋਚਾਂ ਵਿੱਚ ਉਲਝੀ ਰਮਜ਼ ਬਹੁਤ ਜ਼ਿਆਦਾ ਘਬਰਾ ਰਹੀ ਸੀ ।

“ ਪੁੱਤ ਤੂੰ ਪੇਪਰ ਥੋੜ੍ਹੀ ਦੇਣ ਚੱਲੀ ਏਂ ! ਡਰ ਨਾ ,,,,, ਚੱਲ ਆਜਾ ਬਾਹਰ ਚੱਲੀਏ,,,, ” ਉਸਨੂੰ ਸੋਚਾਂ ਵਿੱਚ ਡੁੱਬਿਆ ਵੇਖ ਰਮਣੀਕ ਆਕੇ ਉਸਨੂੰ ਧਰਵਾਸ ਦਿੰਦੀ ਕਹਿੰਦੀ ਹੈ।

ਰਮਜ਼ ਰਮਣੀਕ ਨਾਲ਼ ਬਾਹਰ ਆ ਗਈ ਸੀ , ਸਾਰੇ ਡਰਾਇੰਗ ਰੂਮ ਵਿੱਚ ਬੈਠ ਸਨ । ਰਮਜ਼ ਨੂੰ ਸੋਫ਼ੇ ਉੱਤੇ ਬਿਠਾ ਦਿੱਤਾ ਜਾਂਦਾ ਹੈ,,,, ਉਹ ਬਿਨ੍ਹਾਂ ਕਿਸੇ ਵੱਲ ਵੇਖੇ ਨੀਵੀਂ ਪਾ ਬੈਠ ਗਈ , ਮੁੰਡੇ ਦੀ ਮਾਂ " **ਸਾਂਝ** " ਰਮਜ਼ ਕੋਲ ਜਾ ਠੋਡੀ ਤੋਂ ਓਸਦਾ ਮੂੰਹ ਉੱਪਰ ਕਰਦੀ ਹੱਸਦੀ ਕਹਿੰਦੀ ਹੈ,, ਪੁੱਤਰ ਅਸੀਂ ਭੂਤ ਥੋੜ੍ਹੀ ਆਂ ।

ਮਾਹੌਲ ਹਲਕਾ ਕਰਨ ਲਈ ਸਾਰੇ ਹੱਸਣ ਲੱਗ ਜਾਂਦੇ ਹਨ । ਰਮਜ਼ ਥੋੜੀ ਸਹਿਜ ਹੋ ਗਈ ਸੀ ,,, ਪਤਾਂ ਨਹੀਂ ਕਿਉਂ ਉਸ ਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਸਦੀ ਜ਼ਿੰਦਗੀ ਦਾ ਸੌਦਾ ਕੀਤਾ ਜਾ ਰਿਹਾ ਹੋਵੇ । ਓਹ ਮੂੰਹ ਉੱਪਰ ਚੱਕ ਮੁੰਡੇ ਵੱਲ ਵੇਖਦੀ ਹੈ ਤੇ ਇਕਦਮ ਹੈਰਾਨੀ ਨਾਲ਼ ਆਪਣੇ ਹਾਵ ਭਾਵ ਬਦਲਦੇ ਹੋਏ ਮਨ ਵਿੱਚ ਕਹਿੰਦੀ ਹੈ ,,,,
“ਤੂੰ,,!! ”

ਓਹ ਮੁੰਡਾ ਉਸ ਵੱਲ ਪਿਆਰ ਨਾਲ਼ ਦੇਖਦਾ ,ਮਨ ਵਿੱਚ ਹੀ ਕਹਿੰਦਾ ਹੈ,,,,

“ **ਲੇਖ ਸਾਡੇ ਇੱਕੋ ਥਾਵੇਂ ਬਹਿਕੇ ਲਿਖ ਹੋਏ ਨੇ** ” ।

ਰਮਜ਼ ਇਕਦਮ ਮੂੰਹ ਫਿਰਤੋਂ ਨੀਚੇ ਕਰ ਲੈਂਦੀ ਹੈ,,,,,ਸਾਰੇ ਉਹਨਾਂ ਵੱਲ ਦੇਖ ਹੱਸਣ ਲੱਗ ਜਾਂਦੇ ਹਨ,,।

ਸਾਂਝ ,ਰਮਜ਼ ਦੇ ਮੰਮੀ ਨੂੰ ਕਹਿੰਦੀ ਹੈ ,,,,ਭੈਣ ਜੀ ,,,, ਜੇ ਤੁਹਾਨੂੰ ਪਸੰਦ ਹੋਵੇ ,ਤਾਂ ਰੋਕਾ ਅੱਜ ਹੀ ਕਰ ਲੈਂਦੇ ਆਂ,,,,,ਫਿਰ ਬਾਅਦ ਵਿਚ ਮੰਗਣੀ ਦੀ ਰਸਮ ਕਰਲਵਾਂਗੇ,,,,,, ਸਾਰਿਆਂ ਨੂੰ ਗੱਲ ਸਹੀ ਲਗਦੀ ਹੈ ,,,,,, ਰਮਜ਼ ਤੇ ਅਗਮ ਨੂੰ ਇਕੱਠੇ ਬਿਠਾ ਦਿੱਤਾ ਗਿਆ। ਰਮਜ਼ ਦੇ ਮੰਮੀ-ਪਾਪਾ ਅਗਮ ਨੂੰ ,ਤੇ ਸਾਂਝ ਰਮਜ਼ ਨੂੰ ਸ਼ਗਨ ਪਾਉਂਦੀ ਹੈ,,,,,,।,ਸਾਂਝ ਨੇ ਅਗਮ ਨੂੰ ਕੁਝ ਕਿਹਾ ਤੇ ਉਸਨੇ ਜੇਬ ਵਿੱਚੋਂ ਇੱਕ ਕੜਾ ਕੱਢ ਲਿਆ ,,, ,ਸਾਂਝ ਸਾਰਿਆਂ ਨੂੰ ਕਹਿੰਦੀ ਹੈ,,,ਭੈਣ ਜੀ , ਇਹਨੇ ਇਹ ਕਦੋਂ ਦਾ ਲੈਕੇ ਰੱਖਿਆ ਆ, ਪਤਾ ਨੀ ਇਹਨੂੰ ਜਿਆਦਾ ਚਾਅ ਆ,,,,,,ਸਾਰੇ ਹੱਸਦੇ ਹਨ,,,ਅਗਮ ਮਨ ਵਿੱਚ ਕਹਿੰਦਾ ਹੈ, ਇਹਦੇ ਲਈ ਹੀ ਖਰੀਦਿਆ ਸੀ,,,,ਕਿਵੇਂ ਸ਼ਾਂਤ ਹੋਕੇ ਬੈਠੀ ਆ, ਜੇ ਹੁਣ ਸਾਰੇ ਚਲ ਜਾਣ , ਮੇਰੀ ਜਾਨ ਲੈ ਲਵੇ ਇਹ !

ਅਗਮ ਰਮਜ਼ ਵੱਲ ਦੇਖਦਾ ਰਹਿੰਦਾ ਹੈ ,,, ਸਾਰੇ ਉਹਨਾਂ ਵੱਲ ਹੱਸਦੇ ਹੋਏ ਵੇਖ ਰਹੇ ਸੀ। ਸਭ ਨੂੰ ਇੰਝ ਵੇਖਦੇ ਵੇਖ ,ਰਮਜ਼ ਸਿਰ ਉੱਤੇ ਕਰ ਅਗਮ ਨੂੰ ਘੂਰਦੀ ਹੈ ,,,,ਤੇ ਅਗਮ ਇਕਦਮ ਡਰਕੇ ਉਸਦਾ ਹੱਥ ਛੱਡ ਦਿੰਦਾ ਹੈ,,,, ਸ਼ਬਦ ਹੱਸਦਾ ਹੋਇਆ ਕਹਿੰਦਾ ਹੈ, ਲਓ ਜੀ ਕਰਤਾ ਇਹਨੇ ਕੰਮ ਸ਼ੁਰੂ ,,,, ਵਿਚਾਰੇ ਨੂੰ ਜੀ ਲੈਣ ਦੇ ,,। ਸਾਰੇ ਹੱਸਣ ਲੱਗ ਜਾਂਦੇ ਹਨ ,,,,।

ਅਗਮ ਤੇ ਸਾਂਝ ਰੋਕਾ ਕਰਕੇ ਚਲੇ ਗਏ ਸੀ ,,,,ਰਮਜ਼ ਆਪਣੇ ਕਮਰੇ ਵਿੱਚ ਚਲੇ ਜਾਂਦੀ ਹੈ ਤੇ ਸੋਚਣ ਲੱਗ ਜਾਂਦੀ ਹੈ ,,,,।

“ ਇਹ ਤਾਂ ਜਦ ਮੈਂ ਏਗਜ਼ਾਮ ਵਾਰੇ ਸੋਚ ਰਹੀ ਸੀ , ਉਦੋਂ ਮਿਲਿਆ ਸੀ ,,,, ਓਹ ਵੀ ਕੋਚਿੰਗ ਵਿੱਚ ,,, ਪਰ ਮੈਂ ਤਾਂ ਜੌਬ ਵੀ ਛੱਡ ਦਿੱਤੀ ,,,,,ਸਾਡੀ ਤਾਂ ਕਦੇ ਬਣੀ ਵੀ ਨੀਂ ,,,,ਇਹ ਇੱਥੇ,,?? ਇੰਨੇ ਸਾਲਾਂ ਬਾਅਦ,,,?? ,,ਕੁਝ ਸਮਝ ਨੀ ਆ ਰਿਹਾ ,,! ”

ਇੱਕ ਲੰਬਾ ਸਾਹ ਲੈ ਰਮਜ਼ ਅੱਖਾਂ ਬੰਦ ਕਰ  ਲੈਂਦੀ ਹੈ ।

“ ਰੱਬਾ ਮੈਂ ਬਹੁਤ ਉਲਝ ਰਹੀ ਆਂ,,,,,,”

ਰਮਣੀਕ ਕਮਰੇ ਵਿੱਚ ਆਉਂਦੀ ਹੈ ਤੇ ਰਮਜ਼ ਕੋਲ਼ ਬੈਠ ਪੁੱਛਦੀ ਹੈ ,,,,ਹਮ?? ਪਹਿਲਾਂ ਤਾਂ ਇੰਝ ਡਰ ਰਹੀ ਸੀ ਜਿਵੇਂ ਭੂਤ ਦਿਖਾ ਦਿੱਤੇ ਹੋਣ,,,ਤੇ ਫਿਰ ਹੱਸਦੀ ਹੋਈ ਕਹਿੰਦੀ ਹੈ ,,ਤੂੰ ਤਾਂ ਵਿਚਾਰੇ ਨੂੰ ਡਰਾ ਹੀ ਦਿੱਤਾ ਅੱਖਾਂ ਕੱਢ ਕੇ ,,, ਰਮਜ਼ ਦੇ ਮੰਮੀ ਆਉਂਦੇ ਹਨ ਤੇ ਹੱਸਦੇ ਹੋਏ ਬੈਠ ਜਾਂਦੇ ਹਨ ,,,ਸਭ ਨਾਲ਼ ਇਵੇਂ ਹੀ ਹੁੰਦਾ ਪੁੱਤ ,,,,ਰਮਜ਼ ਮਨ ਵਿੱਚ ਸੋਚਦੀ ਹੈ “,ਸਭ ਨਾਲ਼.....ਇਵੇਂ ਹੀ ਹੁੰਦਾ ...??”   ਰਮਣੀਕ ਤੇ ਰਮਜ਼ ਦੇ ਮੰਮੀ ਉਸਨੂੰ ਇੰਝ ਸੋਚਾਂ ਵਿੱਚ ਪਈ ਦੇਖ ਕੇ ਇਕੱਠੀਆਂ ਹੀ ਬੋਲਦੀਆਂ ਹਨ ,,ਤੈਨੂੰ ਵੀ ਨਾ ਕਦੇ ਕਦੇ ਦੌਰੇ ਪੈਂਦੇ ਨੇ ,,,ਰਮਜ਼ ਹੱਸਣ ਲੱਗ ਜਾਂਦੀ ਹੈ ,,,,ਓਹੋ ਯਾਰ ,,,ਇੱਕ ਤਾਂ ਪਤਾ ਨੀ ਕੌਣ ਮੇਰੇ ਸਾਹਮਣੇ ਲਿਆ ਕੇ ਬਿਠਾ ਦਿੱਤਾ ,,, ਉੱਤੋਂ ਮੈਨੂੰ ਸਦਮੇਂ ਵਿੱਚੋ ਬਾਹਰ ਆਉਣ ਦਾ ਟਾਇਮ ਵੀ ਨੀਂ ਦਿੰਦੇ ,,, ਕੀ ਕਰਾਂ ਮੈਂ..??

ਰਮਣੀਕ ਤੇ ਰਮਜ਼ ਦੇ ਮੰਮੀ ਹੱਸਣ ਲੱਗ ਜਾਂਦੇ ਹਨ ,,,,ਤੇ ਕਮਰੇ ਵਿੱਚੋ ਚਲੇ ਜਾਂਦੀਆਂ ਹਨ,,,,, ।

ਇੰਨੇ ਨੂੰ ਰਮਜ਼ ਦੇ ਫੋਨ ਤੇ ਕਿਸੇ ਦਾ ਫੋਨ ਆਉਂਦਾ ਹੈ ,,,,,। ਰਮਜ਼ ਫੋਨ ਚੁੱਕਦੀ ਹੈ ਤੇ ਕੰਪਨੀ ਵਿੱਚੋ ਕਿਸੇ ਦਾ ਸਮਝ ਕਹਿੰਦੀ ਹੈ ,, ਸੋਰੀ ਸੋਰੀ , ਐਕਚੁਲੀ ਅੱਜ ਮੈਨੂੰ ਕੋਈ ਕੰਮ ਸੀ ,,,, ਅੱਗੋਂ ਕੋਈ ਕੁਝ ਨੀ ਬੋਲਦਾ,,,ਰਮਜ਼ ਹੈਲੋ ਹੈਲੋ ਕਰਦੀ ਕੜਾ ਉਤਾਰਨ ਲਗਦੀ ਹੈ ਤੇ ਅੱਗੋਂ ਆਵਾਜ਼ ਆਉਂਦੀ ਹੈ  ,,ਨਾ ਉਤਾਰ ਯਾਰ ਪਲੀਜ਼ ,,, ਪਹਿਲੀ ਵਾਰ ਤਾਂ ਕੁਝ ਦਿੱਤਾ ਏ ਮੈਂ ਤੈਨੂੰ ,,,,,ਰਮਜ਼ ਹੈਰਾਨ ਹੋਕੇ ਬੋਲਦੀ ਹੈ ,,ਤੂੰ..!! ਅੱਗੋਂ ਅਗਮ ਬੋਲਦਾ ਹੈ : ਜੀ ਮੈਂ,,,,,

ਰਮਜ਼ ਬੈਡ ਤੇ ਬੈਠਦੀ ਕਹਿੰਦੀ ਹੈ ,,,, ਪਹਿਲਾਂ ਤਾਂ ਮੈਨੂੰ ਦੱਸ ,ਤੂੰ ਇੱਥੇ ਕਿਵੇਂ ,,, ਆਈ ਮੀਨ,,,,,ਅਗਮ ਉਸਦੀ ਗੱਲ ਕੱਟਕੇ ਕਹਿੰਦਾ ਹੈ ,, ਹਾਂ ਮੀਨ ਤਾਂ ਤੂੰ ਬਹੁਤ ਆ ,,,,,

ਰਮਜ਼ ਗ਼ੁੱਸੇ ਵਿੱਚ ਕਹਿੰਦੀ ਹੈ ,,, ਫੇਰ ਇੱਥੇ ਕੀ ਕਰਨ ਆਇਆ ਸੀ , ਜੇ ਮੈਂ ਮੀਨ ਆਂ ,,,,!!

ਅਗਮ ਹੱਸਣ ਅੱਗ ਜਾਂਦਾ ਹੈ,,,ਓਹੋ ਸ਼ਾਂਤ ਯਾਰ ਜਿੰਦ ,,, ਗੁੱਸਾ ਬਹੁਤ ਕਰਦੀ ਏਂ ਤੂੰ

ਰਮਜ਼,,, ਕੀ ਕਿਹਾ ਤੂੰ,,

ਅਗਮ ,,ਸ਼ਾਂਤ ,,,

ਰਮਜ਼, ਉਸਤੋਂ ਬਾਅਦ,,

ਅਗਮ,, ਬਾਅਦ... ਗੁੱਸਾ ਬਹੁਤ ਕਰਦੀ ਏਂ ਤੂੰ

ਰਮਜ਼, ਉਸਤੋਂ ਪਹਿਲਾਂ,,

ਅਗਮ: ਪਹਿਲਾਂ,,,,,... ਕੁਝ ਯਾਦ ਨਹੀਂ,,,

ਰਮਜ਼ : ਨੌਰਮਲ ਬੋਲਦੀ ਹੈ ,,,ਅੱਛਾ ,, ਓਕ,,ਕੋਈ ਕੰਮ ਸੀ,,

ਅਗਮ,ਕਿਉ ਬਿਨਾਂ ਕੰਮ ਤੋਂ ਨੀਂ ਫੋਨ ਕਰ ਸਕਦਾ ,,ਹੱਕ ਆ ਮੇਰਾ

ਰਮਜ਼:ਇੰਨੀ ਛੇਤੀ ਹੱਕ,

ਅਗਮ:ਮੈਂ ਤਾਂ ਹੱਕ ਪਹਿਲੀ ਵਾਰ ਦੇਖ ਕੇ ਈ ਮੰਨ ਲਿਆ ਸੀ ,,, ਹੁਣ ਤੂੰ ਕਦੋਂ ਮੰਨਣਾ ਪਤਾ ਨੀਂ ।

ਰਮਜ਼ ਘਬਰਾ ਕੇ ਫੋਨ ਕੱਟ ਦਿੰਦੀ ਹੈ ,,,।

ਤੇ ਉੱਧਰ ਅਗਮ ਫੋਨ ਵੱਲ ਵੇਖਦਾ ਹੱਸਣ ਲੱਗ ਜਾਂਦਾ ਹੈ ,,,।

ਰਮਜ਼ ਫ਼ੋਨ ਕੱਟ ਕੇ ਆਪਣੇ ਹੱਥਾਂ ਵੱਲ ਦੇਖਣ ਲੱਗ ਜਾਂਦੀ ਹੈ ,ਜਿਵੇਂ ਅਧੂਰੀਆਂ ਲੀਕਾਂ ਨੂੰ ਲੁਕਾ ਲੈਣਾ ਚਾਹੁੰਦੀ ਹੋਵੇ ,,,,,,। ਇੱਕ ਹੰਝੂ ਉਸਦੀ ਅੱਖ ਵਿੱਚੋਂ ਨਿਕਲ਼ ਹੱਥ ਤੇ ਡਿੱਗ ਜਾਂਦਾ ਹੈ , ਓਹ ਅੱਖਾਂ ਬੰਦ ਕਰ ਬੈਡ ਨਾਲ਼ ਢੋਹ ਲਗਾ ਬੈਠ ਜਾਂਦੀ ਹੈ , ਤੇ ਸੋਚਣ ਲੱਗਦੀ ਹੈ ......

“ ਹਰ ਚੀਜ਼ , ਹਰ ਜ਼ਜ਼ਬਾਤ ਦਾ ਸਮਾਂ ਤੈਅ ਏ,,,, ਜੋ ਅਸੀਂ ਸੋਚਦੇ ਆਂ ,ਓਹ ਹੋ ਕਿਉਂ ਨਹੀਂ ਜਾਂਦਾ , ਕਿਉਂ ਹਰ ਵਾਰ ਚਾਹਤ ਕਿਸਮਤ ਤੋਂ ਅਲਗ ਇੱਕ ਗਲਤ ਜਿਹਾ ਰਸਤਾ ਫ਼ੜ ਲੈਂਦੀ ਐ,,,,,। , ਪਤਾ ਨਹੀਂ ਸਭ ਜਿੱਤ ਕੇ ਸਭ ਪੂਰਾ ਕਰ ,ਮੈਂ ਅਜੇ ਵੀ ਅਧੂਰੀ ਕਿਉਂ ਆਂ,,,,! ਪਤਾ ਨਹੀਂ ਜ਼ਿੰਦਗੀ ਕੀ ਮੋੜ ਲਵੇਗੀ ,,,,,! ”

ਸੋਚਾਂ ਵਿੱਚ ਉਲਝੀ ਓਹ ਉੱਠਦੀ ਹੈ ਤੇ ਰਮਣੀਕ ਨੂੰ ਦੱਸ ਆਪਣੇ ਕੰਮ ਵਾਲ਼ੀ ਇੰਡਸਟਰੀ ਵਿੱਚ ਚਲੇ ਜਾਂਦੀ ਹੈ ,,,,।

ਉਥੇ ਜਾ ਆਪਣੇ ਕੈਬਿਨ ਵਿੱਚ ਬੈਠ ਓਹ ਕੰਮ ਵਿੱਚ ਉਲਝ ਗਈ,,,,,,,ਘੜੀ ਵੱਲ ਵੇਖਿਆ, ਤਾਂ ਰਾਤ ਦੇ 12 ਵੱਜ ਚੁੱਕੇ ਸੀ ਪਰ ਰਮਜ਼ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ , ਪਤਾ ਨਹੀਂ ਕਿੰਨਾ ਹੀ ਸਮਾਂ ਬਿਨਾਂ ਘੜੀ ਵੇਖੇ ਉਸਨੂੰ ਆਪਣੇ ਕੰਮ ਵਿੱਚ ਗੁਜ਼ਾਰਿਆ ਸੀ ।

" ਕਿੰਨਾ ਅਜੀਬ ਐ ਨਾ ਇਨਸਾਨ , ਜ਼ਰਾ ਜਿਹਾ ਆਸਰਾ ਦਿਖਿਆ ਨੀ ਕਿ ਲੱਗ ਗਿਆ ਉਡੀਕ ਦੀ ਲੰਬੀ ਲਾਈਨ ਵਿੱਚ ਬਿਨ੍ਹਾਂ ਅੰਜ਼ਾਮ ਤੇ ਪੁਰਾਣੀਆਂ ਯਾਦਾਂ ਯਾਦ ਕੀਤੇ " ਹਲਕਾ ਹੱਸਦੀ ਰਮਜ਼ ਆਪਣੇ ਆਪ ਨੂੰ ਕਹਿੰਦੀ ਹੈ , ਆਖਿਰ ਓਹ ਵੀ ਤਾਂ ਅੱਜ ਇਸੇ ਆਸ ਦੀ ਪੱਖੀ ਸੀ।

ਆਪਣੀ ਨਾਦਾਨੀ ਨੂੰ ਸਮਝਦੀ ਓਹ ਕਿਸੇ ਉਡੀਕ ਵਿੱਚ ਫੋਨ ਚੁੱਕਦੀ ਹੀ ਹੈ ਕਿ ਉਸ ਉੱਤੇ ਅੰਗਦ ਦੀ ਕਾਲ ਸ਼ੋਅ ਹੁੰਦੀ ਹੈ ,,,,, ।

ਕਾਫ਼ੀ ਚਿਰ ਬਿਨਾਂ ਕਿਸੇ ਸਰਦ ਭਾਵ ਦੇ ਰਮਜ਼ ਫੋਨ ਵੱਲ ਵੇਖਦੀ ਰਹੀ, ਤੇ ਫਿਰ ਫ਼ੋਨ ਚੁੱਕ ਲੈਂਦੀ ਹੈ ,,,,, । ਅੰਗਦ ਹੈਲੋ ਕਹਿੰਦਾ ਹੈ ,ਪਰ ਰਮਜ਼ ਕੁਝ ਨਹੀਂ ਬੋਲਦੀ,,,,,,, ਅੰਗਦ ਇੱਕ ਲੰਬਾ ਸਾਹ ਲੈਂਦਾ ਹੈ ਤੇ ਕਹਿੰਦਾ ਹੈ , "ਮੈਨੂੰ ਪਤਾ ਐ ਤੂੰ ਕੀ ਮਹਿਸੂਸ ਕਰ ਰਹੀ ਹੋਵੇਂਗੀ ,,,ਬਿਲਕੁਲ ਖ਼ਾਲੀ,,, ! ਜਿਵੇਂ ਅੱਗੇ ਭੱਜਦੀ ਭੱਜਦੀ ,,,ਆਪਣਾ ਆਪ ਬਹੁਤ ਪਿੱਛੇ ਛੱਡ ਆਈ ਹੋਵੇਂ , ਤੇ ਤੇਰੀ ਹੋਂਦ ਦੇ ਨਿਸ਼ਾਨ ਤੈਨੂੰ ਤਕਲੀਫ ਦੇ ਰਹੇ ਹੋਣ,,,,,।"

ਰਮਜ਼ ਬੱਸ ਸੁਣ ਰਹੀ ਸੀ ਤੇ ਆਪ ਮੁਹਾਰੇ ਉਸਦੀਆਂ ਅੱਖਾਂ ਵਿੱਚੋਂ ਅੱਥਰੂ ਡਿੱਗਣ ਲੱਗ ਗਏ ਸਨ । ਅਗਮ ਬੋਲਣਾ ਜਾਰੀ ਰੱਖਦਾ ਹੈ , "ਰਮਜ਼ ਮੈਨੂੰ ਨਹੀਂ ਪਤਾ, ਤੇਰੇ ਨਾਲ਼ ਕੀ ਹੋਇਆ ਏ, ਜਾਂ ਕੁਝ ਹੋਇਆ ਵੀ ਏ ? ਪਰ ਮੈਨੂੰ ਇਹ ਜ਼ਰੂਰ ਪਤਾ ਏ ਕਿ ਤੂੰ ਠੀਕ ਨਹੀਂ,,,! , ਤੇਰੇ ਇਹਸਾਸ ਨੂੰ ਮੈਂ ਮਹਿਸੂਸ ਕਰ ਪਾ ਰਿਹਾ ਆਂ ! ਮੈਂ ਤੇਰੀ ਪੀੜ ਹੰਢਾ ਤਾਂ ਨਹੀਂ ਸਕਦਾ ,,ਪਰ ਤੇਰੇ ਹੰਝੂਆਂ ਨੂੰ ਹੱਥ ਤੇ ਤੇਰੇ ਇਕੱਲੇ ਵਜੂਦ ਨੂੰ ਸਹਾਰਾ ਜ਼ਰੂਰ ਦੇ ਸਕਦਾ ਆਂ! "

"ਸਹਾਰੇ ਅਕਸਰ ਛੱਡ ਜਾਂਦੇ ਨੇ,,,,,, " ਰਮਜ਼ ਚੁੱਪੀ ਤੋੜਦੀ ਹੋਈ ਜਵਾਬ ਦਿੰਦੀ ਹੈ ।



(ਤਹਿਜ਼ੀਬ)

ਅਗਮ ਹਲਕੀ ਮੁਸਕਾਨ ਨਾਲ਼ ਕਹਿੰਦਾ ਹੈ,,“ ਪਰ ਇਹ ਸਹਾਰਾ ਉਦੋਂ ਹੀ ਗੱਲੋਂ ਲੱਥਣਾ ਜਦੋਂ ਸਾਹ ਛੱਡ ਗਿਆ,, । ,ਤੂੰ ਮੇਰੇ ਤੇ ਯਕੀਨ ਕਰ ਸਕਦੀ ਏਂ,,,,,,! ”

ਹਾਹਾ ! ,,,ਮੇਰਾ ਯਕੀਨ ਬਹੁਤ ਖ਼ਤਰਨਾਕ ਏ ! ,,, ਰਮਜ਼ ਹਲਕਾ ਹੱਸਦੀ ਕਹਿੰਦੀ ਹੈ । ਪਰ ਇਹ ਮੁਸਕੁਰਾਹਟ ਸੀ ਜਾਂ ਦਰਦ ਇਹ ਸਮਝ ਪਾਉਣਾ ਉਸ ਦੇ ਖ਼ੁਦ ਲਈ ਵੀ ਚੁਣੌਤੀ ਭਰਿਆ ਸੀ ।

“ ਹਮ ...! ਤੇ ਮੇਰਾ ਸਾਥ,,,:) ”

ਅਗਮ ਜਵਾਬ ਦਿੰਦਾ ਹੈ ।

ਦੋਵੇਂ ਕੁਝ ਪਲ ਲਈ ਚੁੱਪ ਹੋ ਗਏ ,,,। ਬੋਲਣ ਲਈ ਕੁਝ ਨਹੀਂ ਸੀ , ਜਾਂ ਬੋਲਣ ਲਈ ਇੰਨਾ ਕੁਝ ਸੀ ਕਿ ਬਿਆਨ ਨਹੀਂ ਸੀ ਕੀਤਾ ਜਾ ਰਿਹਾ ਇਹ ਦੋਵਾਂ ਨੂੰ ਵੀ ਪਤਾ ਨਹੀਂ ਸੀ ।

“ਸਭ ਨੂੰ ਤੇਰਾ ਫੋਨ ਬੀਜ਼ੀ ਮਿਲ ਰਿਹਾ ਹੋਣਾ ,,,”ਅਗਮ ਚੁੱਪੀ ਤੋੜਦਾ ਹੋਇਆ ਰਮਜ਼ ਦਾ ਮੂਡ ਸਹੀ ਕਰਨ ਲਈ ਕਹਿੰਦਾ ਹੈ,,,,,।

ਰਮਜ਼ ਉਲਝ ਕੇ ਅੱਖਾਂ ਘੁੰਮਾਉਂਦੀ ਕਹਿੰਦੀ ਹੈ ,, "ਤੇ ਸਭ ਮੈਨੂੰ ਇਸ ਸਮੇਂ ਫੋਨ ਕਿਉ ਕਰ ਰਹੇ ਹੋਣੇ?"

ਅਗਮ ਹੱਸਕੇ ਕਹਿੰਦਾ ਹੈ : ਕਿਉਕਿ ਅੱਜ ਤੇਰਾ birthday ਆ,, ਪਾਗ਼ਲ !!

ਰਮਜ਼ ਹੈਰਾਨ ਹੋਕੇ ਫੋਨ ਦੀ ਸਕਰੀਨ ਉੱਤੇ ਤਰੀਕ ਦੇਖਦੀ ਹੈ ਤੇ ਕਹਿੰਦੀ ਹੈ, ਮੈਂ ,,,, ਅਗਮ ਉਸਦੀ ਗੱਲ ਟੋਕਦਾ ਕਹਿੰਦਾ ਹੈ ,, ਇਸ ਵਾਰ ਵੀ ਭੁੱਲਗੀ ,,,, ਤੂੰ ਦੁਨੀਆਂ ਦਾ ਸਭ ਤੋਂ ਅਜੀਬ ਪ੍ਰਾਣੀ ਏਂ ਜਿਸਨੂੰ ਆਪਣਾ ਜਨਮ ਦਿਨ ਹੀ ਯਾਦ ਨਹੀਂ ਰਹਿੰਦਾ ,,,, ਰਮਜ਼ ਦੀ ਹਸੀ ਛੁੱਟ ਜਾਂਦੀ ਹੈ ਤੇ ,,,ਅਗਮ ਵੀ ਹਸਦਾ ਹੋਇਆ ਫੋਨ ਕੱਟ ਦਿੰਦਾ ਹੈ ,,,,, ਰਮਜ਼ ਫੋਨ ਵੱਲ ਦੇਖਦੀ ਰਹਿੰਦੀ ਹੈ...1

ਉਸਨੂੰ ਜਨਮ ਦਿਨ ਦੀਆਂ ਵਧਾਈਆਂ ਦੇਣ ਲਈ ਬਹੁਤ ਲੋਕਾਂ ਦੇ ਫੋਨ ਆ ਰਹੇ ਸਨ ਪਰ ਓਹ ਹਰ ਵਾਰ ਵਾਂਗ ਓਹ ਫ਼ੋਨ ਸਵਿੱਚ ਆਫ਼ ਕਰ ਡਾਇਰੀ ਚੁੱਕ ਕੁਝ ਲਿਖਣ ਲੱਗ ਜਾਂਦੀ ਹੈ,,,,,, ।

"ਇੱਕ ਨਵੀਂ ਜਹੀ ਸ਼ੁਰੂਆਤ ਹੋ ਰਹੀ ਏ ਜ਼ਿੰਦਗ਼ੀ ਵਿੱਚ,,,, ਜਾਂ ਸ਼ਾਇਦ ਇੱਕ ਅਧੂਰੀ ਕਹਾਣੀ ਪੂਰੀ ਹੋਣ ਜਾ ਰਹੀ ਏ,,,ਪਰ ਪਤਾ ਨਹੀਂ ਕਿਉਂ, ਦਿਲ ਡਰ ਰਿਹਾ ਏ,,, ! ਕਿਤੇ ਦੂਰ ਜਾਕੇ , ਲੁਕ ਜਾਣਾ ਚਾਹੁੰਦਾ ਏ,,,,, । ਇਹ ਨਵੇਂ ਇਹਸਾਸ ਮੇਰੀ ਰੂਹ ਨੂੰ ਹੁਣ ਟੁੰਬਦੇ ਨਹੀਂ,,,, ਇੱਕ ਨਵਾ ਡਰ,,,ਇਹ ਨਵਾਂ ਸਹਿਮ ਭਰ ਦਿੰਦੇ ਨੇ ,,,,, ਪਤਾ ਨਹੀਂ ਕਿਉ ਇੰਨਾ ਔਖਾ ਏ ਇਸ ਜ਼ਿੰਦਗ਼ੀ ਨੂੰ ਸਮਝਣਾ,,,,। ਜਦ ਕਿਤੇ ਸੌਖੀ ਤੇ ਪਿਆਰੀ ਲੱਗਣ ਲੱਗਦੀ ਏ,,, ਤਦ ਹੀ ਆਪਣਾ ਭਿਅੰਕਰ ਰੂਪ ਦਿਖਾ,ਸਹਿਮ ਨਾਲ਼ ਭਰ ਦਿੰਦੀ ਏ,,,,,, ਕਾਸ਼ ਕਿਤੇ ਕੁਝ ਭੁੱਲ ਜਾਣ ਦੀ ਇਜਾਜ਼ਤ ਵੀ ਦਿੰਦੀ ਹੁੰਦੀ। , ਜਦੋ ਵੀ ਭੁੱਲਣ ਲਗਦੀ ਆਂ ਇਹ ਉੱਠ ਲਿਆ ਕੇ ਖੜਾ ਦਿੰਦੀ ਏ,,,ਜਿਵੇਂ ਦਿਨ ਰਾਤ ,ਹਰ ਵੇਲ਼ੇ ਇੱਕ ਕਠਗਹਿਰੇ ਵਿੱਚ ਖੜੀ ਹੋਵਾਂ ,,,ਤੇ ਵਾਰ ਵਾਰ ਮੈਥੋਂ ਓਹ ਸਵਾਲ ਪੁੱਛੇ ਜਾ ਰਹੇ ਹੋਣ,,ਜਿਹਨਾਂ ਦੇ ਮੇਰੇ ਕੋਲ ਕੋਈ ਜਵਾਬ ਨਹੀਂ,,,,,,,,, । ਸੱਚ ਦੱਸਾਂ , ਤਾਂ ਹੁਣ ਕੁਝ ਵੀ ਕਰਨ ਨੂੰ ਜੀ ਨਹੀਂ ਕਰਦਾ,,,,,,, ਬੱਸ ਜ਼ਿੰਦਗ਼ੀ ਦੇ ਨਾਲ਼ ਚੱਲਦੀ ਜਾ ਰਹੀ ਆਂ,, ਬਿਲਕੁਲ ਓਵੇਂ,ਜਿਵੇਂ ਇੱਕ ਟੁੱਟਿਆ ਪੱਤਾ ,ਹਵਾ ਦੇ ਵੇਗ ਨਾਲ ਚੱਲੀ ਜਾਂਦਾ ਹੈ , ਜਿਸਦੀ ਕੋਈ ਮੰਜ਼ਿਲ,ਕੋਈ ਸਿਰਨਾਵਾਂ ਤੈਅ ਨਹੀਂ ......."

ਇਹ ਸ਼ਾਇਦ ਹਰ ਇਨਸਾਨ ਕਦੇ ਨਾ ਕਦੇ ਜ਼ਰੂਰ ਸੋਚਦਾ ਹੋਏਗਾ, ਰਮਜ਼ ਵੀ ਜ਼ਿੰਦਗੀ ਦੇ ਉਸ ਹਿੱਸੇ ਵਿੱਚ ਸੀ ਜਿੱਥੇ ਅਕਸਰ ਲੋਕ ਕੁਦਰਤ ਤੋਂ ਭਰੋਸਾ ਖੋ ਬੈਠ ਦੇ ਨੇ।



(ਤਹਿਜ਼ੀਬ)

ਰਮਜ਼ ਡਾਇਰੀ ਬੰਦ ਕਰ ,,,ਕੁਰਸੀ ਉੱਤੇ ਸਿਰ ਲਗਾ ,,, ਅੱਖਾਂ ਬੰਦ ਕਰ ਲੈਂਦੀ ਹੈ,,,,,ਹਰ ਵਾਰ ਦੀ ਤਰ੍ਹਾਂ ਨੀਂਦ ਉਸਦੀਆਂ ਅੱਖਾਂ ਤੋਂ ਕੋਹਾਂ ਦੂਰ ਸੀ ,,,,,ਪਤਾ ਨਹੀਂ ਕੀ ਸੋਚ ਓਹ ਉੱਠਦੀ ਹੈ ਤੇ ਆਪਣਾ ਸਮਾਨ ਚੁੱਕ ,ਘਰ ਜਾਣ ਲੱਗਦੀ ਹੈ ,,,,।

ਓਹ ਘਰ ਆ ਚੁੱਪ ਚਾਪ ਆਪਣੇ ਰੂਮ ਵਿਚ ਗਈ ਤੇ ਬਿਨਾਂ ਲਾਈਟ ਔਨ ਕੀਤੇ ਆਪਣਾ ਸਮਾਨ ਬੈੱਡ ਉੱਤੇ ਸੁੱਟ ਦਿੱਤਾ ,,,,।

ਸਮਾਨ ਡਿੱਗਦੇ ਹੀ ਕਿਸੇ ਦੇ ਦਰਦ ਨਾਲ਼ ਚੀਕਣ ਦੀ ਅਵਾਜ਼ ਆਉਂਦੀ ਹੈ ,,ਰਮਜ਼ ਡਰਕੇ ਜਲਦੀ ਨਾਲ਼ ਹੜਬੜਾਹਟ ਵਿਚ ਲਾਈਟ ਔਨ ਕਰਦੀ ਹੈ ,ਤੇ ਸਾਹਮਣੇ ਦੇਖ ਹੈਰਾਨ ਹੋ ਜਾਂਦੀ ਹੈ ,,, ਫ਼ਿਰ ਅਜੀਬ ਮੂੰਹ ਬਣਾਕੇ ਕਹਿੰਦੀ ਹੈ,,,, ਤੂੰ...!

ਅਗਮ : ਹਾਂ,,,ਮੈਂ !

ਬੈਡ ਦੇ ਸਾਈਡ ਤੇ ਖੜਾ ਗੁਬਾਰਾ ਫੁਲਾਉਂਦਾ ਸਾਹਿਬ ਇੱਕ ਦਮ ਗੁਬਾਰਾ ਛੱਡ ਹੱਸਣ ਲੱਗ ਜਾਂਦਾ ਹੈ ,ਤੇ ਗੁਬਾਰਾ ਘੁੰਮਦਾ ਘੁੰਮਦਾ ਅਗਮ ਦੇ ਸਿਰ ਉੱਤੇ ਡਿੱਗ ਜਾਂਦਾ ਹੈ ,,,

ਰਮਜ਼ ਉਸਨੂੰ ਦੇਖ ਉੱਚੀ ਉਚੀ ਹੱਸਣ ਲੱਗ ਜਾਂਦੀ ਹੈ ,,,।

ਸਾਂਝ ਅੱਗੇ ਆਕੇ ਹੱਸਦੀ ਹੋਈ ਕਹਿੰਦੀ ਹੈ , ਮੈਂ ਇਸਨੂੰ ਪਹਿਲਾ ਹੀ ਕਿਹਾ ਸੀ ਲਾਈਟ ਬੰਦ ਨਾ ਕਰ ਇਨਸਾਨ ਥੱਕਿਆ ਘਰ ਆਉਂਦਾ ਏ।

ਹੱਸਦੇ ਹੱਸਦੇ ਰਮਜ਼ ਦੀਆਂ ਅੱਖਾਂ ਵਿਚੋਂ ਪਾਣੀ ਆਉਣ ਲੱਗ ਜਾਂਦਾ ਹੈ ਤੇ ਸਾਰੇ ਉਸਨੂੰ ਹੈਪੀ birthday ਕਹਿੰਦੇ ਹਨ ,,,, ਪਰ ਅਗਮ ਉਸ ਵੱਲ ਧਿਆਨ ਨਾਲ਼ ਦੇਖਦਾ ਰਹਿੰਦਾ ਹੈ , ਰਮਜ਼ ਕੇਕ ਕੱਟਦੀ ਹੈ ਤੇ ਸਾਂਝ ਉਬਾਸੀ ਲੈਂਦੀ ਕਹਿੰਦੀ ਹੈ ਭੈਣ ਜੀ ਅਸੀਂ ਵੀ ਚੱਲੀਏ ਹੁਣ ,,,,।

ਸਭਨੂੰ ਨੀਂਦ ਆ ਰਹੀ ਸੀ ਤੇ ਓਹ ਚਲੇ ਗਏ।

ਰਮਜ਼ ਵੀ ਆਪਣੇ ਕਮਰੇ ਵਿੱਚ ਬੈਠ ਜਾਂਦੀ ਹੈ ਤੇ ਸਾਹਮਣੇ ਲੱਗੇ ਹੈਪੀ ਬਰਥ ਡੇ ਦੇ ਲੋਗੋ ਵੱਲ ਦੇਖਦੀ ਰਹਿੰਦੀ ਹੈ,,,

ਕੁਝ ਦੇਰ ਬਾਅਦ ਹਲਕਾ ਹੱਸਕੇ ਕਹਿੰਦੀ ਹੈ ,,, ਹੈਪੀ....!!

ਰਮਜ਼ ਦੀ ਉਸ ਮੁਸਕਾਨ ਵਿੱਚ ਬਹੁਤ ਦਰਦ ਛੁਪਿਆ ਸੀ ।

ਮਨ ਵਿੱਚ ਪੈਂਦੇ ਹੌਲ ਨਾਲ਼ ਓਹ ਬਾਲਕਨੀ ਵਿੱਚ ਲੱਗੇ ਸਵਿੰਗ ਤੇ ਜਾ ਬੈਠ ਜਾਂਦੀ ਹੈ ਤੇ ਆਪਣੇ ਫੋਨ ਵੱਲ ਦੇਖਦੀ ਰਹਿੰਦੀ ਹੈ ,,,,,। ਯਾਦਾਂ ਦਾ ਗ਼ੁਬਾਰਾ ਉਸਨੂੰ ਝਿੰਜੋੜ ਦਿੰਦਾ ਹੈ ਤੇ ਓਹ ਕੁਝ ਪਲ ਲਈ ਅੱਖਾਂ ਬੰਦ ਕਰ ਬੈਠ ਜਾਂਦੀ ਹੈ ,,,, ਫ਼ੋਨ ਚੁੱਕਦੀ ਹੈ ਤੇ ਕਿਸੇ ਨੂੰ ਮੈਸਜ ਕਰਨ ਲੱਗਦੀ ਹੈ ,,,ਪਰ ਉਸਦੇ ਹੱਥ ਆਪਣੀ ਸਥਿਤੀ ਨੂੰ ਵੇਖ ਰੁਕ ਜਾਂਦੇ ਹਨ ,,,ਤੇ ਇਕਦਮ ਉੱਠਦੀ ਆਪਣੇ ਆਪ ਨੂੰ ਕਹਿੰਦੀ ਹੈ ,,,ਨਹੀਂ ,,,,! ਮੈਂ ਕਿਸੇ ਨਾਲ਼ ਵੀ ਗਲਤ ਨਹੀਂ ਕਰ ਸਕਦੀ ,ਮੈਨੂੰ ਕੋਈ ਹੱਕ ਨਹੀਂ ਕਿਸੇ ਦੀ ਜ਼ਿੰਦਗੀ ਨਾਲ਼ ਖੇਡਣ ਦਾ ,,,ਮੈਨੂੰ ਕਿਉਂ ਸਮਝ ਨਹੀਂ ਆ ਰਹੀ ਕਿ ਓਹ ਓਦੋਂ ਬੱਸ ਇੱਕ ਦੋਸਤ ਸੀ ,,, ਹਾਂ ਦੋਸਤ ਹੀ ਤਾਂ ਸੀ ਓਹ,,, ਜਾਂ ਸ਼ਾਇਦ ਦੋਸਤ ਵੀ ਨਹੀਂ ਜਾਂ ਦੋਸਤ ਹੁੰਦੇ ਹੋਏ ਵੀ ਅਨਜਾਣ ,ਨਾ ਕਦੇ ਜਾਣਿਆ ਨਾ ਇੱਕ ਦੂਜੇ ਨੂੰ ਮਿਲ ਵੇਖਿਆ,,,,ਬੱਸ ਦੁੱਖ ਸੁਖ ਦੇ ਸਾਥੀ ,,,, ਜੋ ਸ਼ਾਇਦ ਜਾਣ ਪਛਾਣ ਦੇ ਲੋਕ ਵੀ ਨਹੀਂ ਹੁੰਦੇ ,,,, ਪਰ ਹੋ ਸਕਦਾ ਜੋ ਮੈਂ ਸੋਚਿਆ ਵੇਖਿਆ ਓਹ ਗਲਤ ਹੋਵੇ !

ਪਰ ਉਦੋਂ ਤੋਂ ਬਾਅਦ ਮੈਨੂੰ ਕਿਸੇ ਨਾਲ਼ ਵੀ ਘੁਲਣਾ ਮਿਲਣਾ ਅਪਰਾਧੀ ਲੱਗਣ ਲੱਗਾ ,,, ਪਤਾ ਨਹੀਂ ਕਿਉਂ , ਮੈਂ ਅਗਮ ਨੂੰ ਹੁਣ ਸਵੀਕਾਰ ਨਹੀਂ ਕਰ ਪਾ ਰਹੀ ,,,,ਸ਼ਾਇਦ ਮੈਨੂੰ ਇਹ ਉਸਨੂੰ ਦੱਸ ਦੇਣਾ ਚਾਹੀਦਾ ਏ,,,ਇੰਝ ਕਿਸੇ ਰਿਸ਼ਤੇ ਦੀ ਸ਼ੁਰੂਆਤ ਕਰਨਾ ਸਹੀ ਨਹੀਂ ,,,,,ਪਰ ਉਸਦਾ ਇਹ ਸੁਣਕੇ ਕੀ ਰੀਐਕਸ਼ਨ ਹੋਵੇਗਾ ,?? ਕੀ ਓਹ ਗਲਤ ਸਮਝੇਗਾ ,,? ਨਹੀਂ ! ਮੈਂ ਇੰਝ ਆਪਣੇ ਤੇ ਉਸਦੇ ਰਿਸ਼ਤੇ ਨੂੰ ਦਾਗੀ ਦਾ ਖਿਤਾਬ ਨਹੀਂ ਦੇਣਾ ਚਾਹੁੰਦੀ ,,

ਇੱਕਦਮ ਸਵਿੰਗ ਤੋਂ ਉੱਠਦੀ ਸਿਰ ਫੜਦੀ ਕਹਿੰਦੀ ਹੈ,,,,“ ਉਫ਼,,,ਮੈਂ ਕੀ ਕਰਾਂ ,,,,,ਕੁਝ ਸਮਝ ਨਹੀਂ ਆ ਰਿਹਾ ,,, ” ਫ਼ਿਰ ਅਸਮਾਨ ਵੱਲ ਦੇਖਦੀ ਕਹਿੰਦੀ ਹੈ ,,,,ਬਾਬਾ ਜੀ ਮੈਂ ਉਲਝ ਚੁੱਕੀ ਆਂ ,,,, ਮੈਂ ਜੋ ਵੀ ਅੱਜ ਤੱਕ ਮੰਗਿਆ ਤੁਸੀ ਸਭ ਮੈਨੂੰ ਦਿੱਤਾ ਏ,,,,ਮੈਨੂੰ ਇਸ ਉਲਝਣ ਵਿੱਚੋਂ ਕੱਢ ਦੇਵੋ ਨਾ ਪਲੀਜ਼ ,,,,,,ਮੈਨੂੰ ਨਹੀਂ ਪਤਾ ਇਹ ਕੀ ਸੀ ,,,ਮੇਰੀ ਗਲਤੀ ?? ਪਤਾ ਨਹੀਂ ,,,,,! ਪਰ ਮੇਰਾ ਕੋਈ ਇਰਾਦਾ ਗਲਤ ਨਹੀਂ ਸੀ ,,,,ਇਹ ਤਾਂ ਤੁਹਾਨੂੰ ਵੀ ਪਤਾ ਏ ਨਾ ,,, ਪਰ ਕੀ ਇਹ ਗਲਤ ਹੁੰਦਾ ਏ?? ਮੈਂ ਕਿਉ ਐਵੇਂ ਦੀ ਆਂ,,, ਪਲੀਜ਼ ਮੈਨੂੰ ਕੋਈ ਰਸਤਾ ਦੱਸੋ ,,,,ਮੈਨੂੰ ਕੁਝ ਸਮਝ ਨਹੀਂ ਆ ਰਿਹਾ ....l

ਅਸਮਾਨ ਵੱਲ ਦੇਖਦੀ ਦੇਖਦੀ ਰਮਜ਼ ਸਵਿੰਗ ਉੱਤੇ ਹੀ ਸੌਂ ਜਾਂਦੀ ਹੈ ,,,,।

ਸਵੇਰੇ ਚਿੜੀਆਂ ਦੀ ਅਵਾਜ਼ ਉਸਨੂੰ ਉਠਾ ਦਿੰਦੀ ਹੈ ਤੇ ਓਹ ਉੱਠ ਇੱਕ ਨਜ਼ਰ ਸਵੇਰ ਵੱਲ ਤੱਕ ਆਪਣੇ ਕਮਰੇ ਵਿੱਚ ਆ ਜਾਂਦੀ ਹੈ ,,,,, ਰਮਣੀਕ ਉਸਦੇ ਕਮਰੇ ਵਿੱਚ ਫ਼ੁੱਲਾਂ ਦੇ ਗੁਲਦਸਤੇ ਸੰਭਾਲੀ ਆ ਰਹੀ ਸੀ ।

ਰਮਜ਼ ਉਸ ਵੱਲ ਦੇਖ ਹੱਸਦੀ ਹੈ ਕਿਉਕਿ ਓਹ ਪੂਰੀ ਗੁਲਦਸਤਿਆਂ ਨਾਲ਼ ਲੁਕੀ ਹੋਈ ਸੀ,,,।

ਰਮਣੀਕ ਫ਼ੁੱਲਾਂ ਵਿੱਚ ਉਲਝੀ ਉਸਨੂੰ ਕਹਿੰਦੀ ਹੈ ,,ਹੱਸ ਨਾ ਮੇਰੀ ਹੈਲਪ ਕਰ ਰਮਜ਼ ।

ਰਮਜ਼ ਆਪਣੀ ਹੱਸੀ ਕੰਟਰੋਲ ਕਰਦੀ ਹੋਈ ਉਸ ਕੋਲ਼ ਜਾਂਦੀ ਹੈ ਤੇ ਫੁੱਲਾਂ ਨੂੰ ਫੜ ਬੈਡ ਉਤੇ ਰੱਖਦੀ ਹੈ ਤੇ ਕਹਿੰਦੀ ਹੈ ਇਹ ਕੀ ਭਾਬੀ ?

ਰਮਣੀਕ ਉਸ ਵੱਲ ਦੇਖਦੀ ਹੱਸਦੀ ਕਹਿੰਦੀ ਹੈ , ਤੇਰੇ ਜਨਮ ਦਿਨ ਦੀਆਂ ਮੁਬਾਰਕਾਂ,,! ਤੈਨੂੰ ਚਾਹੁਣ ਵਾਲੇ ਸਵਖਤੇ 6 ਵਜੇ ਦੇ ਲੱਗੇ ਆ ,,,

ਰਮਜ਼ ਮੂੰਹ ਬਣਾਉਂਦੀ ਹੋਈ ਕਹਿੰਦੀ ਹੈ ,,ਕਿੰਨੇ ਫੁੱਲ ਖਰਾਬ ਕਰਤੇ ,,,,ਰਮਣੀਕ ਉਸਦੇ ਸਿਰ ਤੇ ਹੱਥ ਮਾਰਦੀ ਕਹਿੰਦੀ ਹੈ ,ਤੇਰਾ ਕੁਝ ਨੀ ਹੋ ਸਕਦਾ ਕੁੜੀਏ ,,,, ਜਨਮ ਦਿਨ ਵਾਲ਼ੇ ਦਿਨ ਲੋਕ ਚਾਹੁੰਦੇ ਨੇ ਕਿ ਸਭ ਉਹਨਾਂ ਨੂੰ ਅਟੈਂਸ਼ਨ ਦੇਣ ,ਤੇ ਇੱਕ ਤੂੰ ਏਂ ਜਿਹੜੀ ਫੋਨ ਬੰਦ ਕਰ ਕਮਰੇ ਵਿੱਚ ਬੈਠ ਜਾਂਦੀ ਏਂ,,,।

ਰਮਜ਼ ਉਸ ਵੱਲ ਦੇਖਦੀ ਕਹਿੰਦੀ ਹੈ , ਜੀਹਦੇ ਹਾਸੇ ਗਵਾਚ ਚੁੱਕੇ ਹੋਣ, ਓਹਨੂੰ ਫੇਰ ਦਿਖਾਵੇ ਦੀਆਂ ਖੁਸ਼ੀਆਂ ਮਲ੍ਹਮ ਨੀਂ ਨਮਕ ਲੱਗਦੀਆਂ ਨੇ ,,,,

ਰਮਣੀਕ ਉਸ ਵੱਲ ਧਿਆਨ ਨਾਲ਼ ਦੇਖਦੀ ਹੈ ਤੇ ਉਸਨੂੰ ਬਿਠਾ ਕਹਿੰਦੀ ਹੈ ,,,,ਰਮਜ਼ ,,,,ਮੈਨੂੰ ਨਹੀਂ ਪਤਾ ਤੈਨੂੰ ਕੀ ਦੁੱਖ ਏ,,,ਕਦੇ ਕਦੇ ਤਾਂ ਤੂੰ ਬਿਲਕੁਲ ਸਮਝੋਂ ਬਾਹਰ ਹੋ ਜਾਂਦੀ ਏਂ,,,ਤੇ ਕਦੇ ਕਦੇ ਲੱਗਦਾ ਕਿ ਤੇਰੇ ਵਾਰੇ ਮੈਨੂੰ ਸਭ ਪਤਾ ਤੇ ਕਦੇ ਕਦੇ ਤੂੰ ਬਿਲਕੁਲ ਈ ਓਪਰੀ ਜਈ ਲੱਗਦੀ ਏਂ ,,,,ਪਤਾ ਨਹੀਂ ਤੂੰ ਐਨੀ ਉਲਝੀ ਕਿਉ ਏਂ,,,।

ਰਮਜ਼ ਇੱਕ ਦਰਦ ਭਰੀ ਮੁਸਕਾਨ ਲੈ ਉੱਠ ਖੜ੍ਹਦੀ ਹੈ ਤੇ ਕਹਿੰਦੀ ਹੈ,,,, ਜਦ ਮੈਂ ਖੁੱਲੀ ਕਿਤਾਬ ਸੀ , ਤਾਂ ਪੜਨ ਵਾਲ਼ੇ ਅਣਦੇਖਿਆ ਕਰ ਲੰਘ ਜਾਂਦੇ ਸੀ ,,,,,ਹੁਣ ਕੋਈ ਪੜਨ ਆਇਆ ਏ,ਤਾਂ ਮੇਰੇ ਵਰਕੇ ਸਿਮਟ ਗਏ ਨੇ ,,, ਜਿਹੜੇ ਕੋਸ਼ਿਸ਼ ਕੀਤਿਆਂ ਵੀ ਪਲਟੇ ਨਹੀਂ ਜਾ ਸਕਦੇ ... **ਬੱਸ ਰਾਹੀਗਰ ਹੀ ਬਦਲੇ ਨੇ , ਤਰੀਕੇ ਨਹੀਂ**,,,,।

ਰਮਣੀਕ ਉਸ ਵੱਲ ਦੇਖਦੀ ਰਹਿੰਦੀ ਹੈ ਤੇ ਰਮਜ਼ ਫਿਰ ਇਕਦਮ ਉਸ ਵੱਲ ਦੇਖਦੀ ਕਹਿੰਦੀ ਉਛਲ ਕੇ ਬੈਡ ਤੇ ਬੈਠਦੀ ਕਹਿੰਦੀ ਹੈ ,,, ਕਿਵੇਂ ਸੀ !! ,,ਮੈਂ ਨਵੀਂ ਨਵੀਂ ਸ਼ਾਇਰੀ ਸਿੱਖੀ ਏ,,,,

ਰਮਣੀਕ ਇਕਦਮ ਨੌਰਮਲ ਹੁੰਦੀ ਹੈ ਤੇ ਇੱਕ ਲੰਬਾ ਸਾਹ ਲੈਂਦੀ ਕਹਿੰਦੀ ਹੈ ,,,, ਪਾਗ਼ਲ ਕੁੜੀ ,,ਮੈਂ ਤਾਂ ਡਰ ਹੀ ਗਈ ਸੀ ਕਿ ਕੀ ਹੋਗਿਆ ਤੈਨੂੰ ... ਰਮਜ਼ ਵੀ ਉਸਦੇ ਨਾਲ਼ ਹੱਸਣ ਲੱਗ ਜਾਂਦੀ ਹੈ ।

ਇੰਨੇ ਨੂੰ ਸ਼ਬਦ ਉਸਦੇ ਕਮਰੇ ਵਿੱਚ ਆਉਂਦਾ ਹੈ ਤੇ ਕਹਿੰਦਾ ਹੈ ,,,ਚਲੋ ਛੇਤੀ ਛੇਤੀ ਸਮਾਨ ਪੈਕ ਕਰਲੋ ,,,, ਗੱਲਾਂ ਕਰਨ ਬੈਠ ਗਈਆਂ ,,,

ਰਮਜ਼ ਉਸ ਵੱਲ ਹੈਰਾਨੀ ਨਾਲ ਦੇਖਦੀ ਕਹਿੰਦੀ ਹੈ , ਕੀ,,, ਕਿਹੜਾ ਸਮਾਨ,,,, ਕੌਣ ਜਾ ਰਿਹਾ? ਤੇ ਕਿੱਥੇ ,,,?

ਰਮਣੀਕ ਉਸ ਵੱਲ ਦੇਖਦੀ ਆਪਣੇ ਮੱਥੇ ਤੇ ਹੱਥ ਮਾਰ ਕਹਿੰਦੀ ਹੈ ,,,, ਓਹੋ ਭੁੱਲ ਹੀ ਗਈ ਮੈਂ ਗੱਲਾਂ ਵਿਚ ,,,! ਪਾਪਾ ਨੇ ਤੇਰੇ ਬਰਥਡੇ ਕਰਕੇ ਇੱਕ ਟ੍ਰਿਪ ਪਲੈਨ ਕੀਤੀ ਐ! ਅਸੀਂ ਸਾਰੇ ਜਾ ਰਹੇ ਆਂ , ਮੈਂ ਤੈਨੂੰ ਸਮਾਨ ਪੈਕ ਕਰਨ ਲਈ ਕਹਿਣ ਹੀ ਆ ਰਹੀ ਸੀ।

ਰਮਜ਼ ਹੈਰਾਨ ਹੋਕੇ ਕਹਿੰਦੀ ਹੈ ,,,ਪਰ ਕਿੱਥੇ,,,? ਤੇ ਕਿੰਨੇ ਦਿਨਾਂ ਲਈ,,,

ਸ਼ਬਦ ਹੱਸਦਾ ਕਹਿੰਦਾ ਹੈ ,,ਕਿੱਥੇ ਤਾਂ ਪਾਪਾ ਨੇ ਸਾਨੂੰ ਵੀ ਨੀਂ ਦੱਸਿਆ , ਬੱਸ ਇੰਨਾ ਕਿਹਾ,,, ਕਿ 13 ,15 ਦਿਨ ਲਈ ਸਮਾਨ ਬੰਨ ਲਓ।

ਰਮਣੀਕ ਰਮਜ਼ ਦੇ ਕੰਨ ਵਿੱਚ ਕਹਿੰਦੀ ਹੈ ,,, ਅਗਮ ਦਾ ਆਈਡੀਆ ਸੀ ।

ਸ਼ਬਦ ਮੂੰਹ ਬਣਾ ਕੇ ਕਹਿੰਦਾ ਹੈ ,,, ਸੁਣ ਲਿਆ ਮੈਂ ,,,

ਰਮਜ਼ ਹੱਸਕੇ ਕਹਿੰਦੀ ਹੈ ,, ਸੁਣਾਉਣ ਲਈ ਹੀ ਕਿਹਾ ਸੀ ।

ਰਮਣੀਕ ਦੇ ਜਾਣ ਤੋਂ ਬਾਅਦ ਰਮਜ਼ ਅਣਮੰਨੇ ਜਿਹੇ ਮਨ ਨਾਲ਼ ਆਪਣਾ ਬੈਗ ਪੈਕ ਕਰਦੀ ਹੈ ,ਤੇ ਸਮਾਨ ਚੁੱਕ ਬਾਹਰ ਆ ਗਈ । ਬਾਹਰ ਸਭ ਇਕੱਠੇ ਹੋਏ ਹੁੰਦੇ ਹਨ ,,, ਰਮਜ਼ ਦੇ ਮੰਮੀ ਪਾਪਾ ਉਸਨੂੰ ਦੇਖ ਖੁਸ਼ ਹੁੰਦੇ ਹੋਏ ਅਸੀਸਾਂ ਦਿੰਦੇ ਹਨ ਤੇ ਇੱਕ ਵਾਰ ਫਿਰ ਤੋਂ ਜਨਮ ਦਿਨ ਦੀ ਵਧਾਈ ਦਿੰਦੇ ਹਨ ।

ਸ਼ਬਦ ਟਰੈਵਲ ਬੱਸ ਵਾਲ਼ੇ ਨਾਲ਼ ਗੱਲ ਕਰ ਆਉਂਦਾ ਹੈ , ਤੇ ਅੰਦਰ ਆ ਸਭ ਨੂੰ ਕਹਿੰਦਾ ਹੈ ,,,,ਚਲੋ ਓਹਨਾਂ ਨੇ 10 ਵਜੇ ਦਾ ਟਾਇਮ ਦਿੱਤਾ ਸੀ ਸਾਨੂੰ ,10.30 ਤਾਂ ਇੱਥੇ ਹੀ ਹੋ ਗਏ ,,, ਇੱਧਰ ਉੱਧਰ ਦੇਖਦਾ ਕਹਿੰਦਾ ਹੈ , ਰਮਣੀਕ ਕਿੱਥੇ ਆ !

ਰਮਣੀਕ ਕਮਰੇ ਵਿੱਚੋਂ ਸਮਾਨ ਚੁੱਕਦੀ ਬਾਹਰ ਆਉਂਦੀ ਕਹਿੰਦੀ ਹੈ : ਕੁਝ ਹੈਲਪ ਵੀ ਕਰਵਾ ਦਿਆ ਕਰੋ ! ਸਵੇਰ ਦੇ ਕਦੇ ਇੱਧਰ ਕਦੇ ਉੱਧਰ,,,,ਬੱਸ ਪਾਪਾ ਜੀ ਨੇ ਕਰੀ , ਟਿਕਟਾਂ ਪਾਪਾ ਜੀ ਨੇ ਕਰਵਾਈਆਂ ,ਇਥੋਂ ਤੱਕ ਕਿ ਹੋਟਲ ਵੀ ਪਾਪਾ ਜੀ ਨੇ ਕਰਵਾਇਆ ,,ਤੁਸੀ ਕੀ ਕੀਤਾ ਜੋ ਇੰਨਾ ਰੌਲਾ ਪਾ ਰਹੇ ਓ,,,!

ਸ਼ਬਦ ਉਸਦੀਆਂ ਗੱਲਾਂ ਸੁਣ ਚੁੱਪ ਚਾਪ ਉਥੇ ਖੜ੍ਹ ਜਾਂਦਾ ਹੈ ,, ਰਮਜ਼ ਉਸ ਵੱਲ ਦੇਖ ਹੱਸਣ ਲੱਗ ਜਾਂਦੀ ਹੈ ਤੇ ਕਹਿੰਦੀ ਹੈ , ਅਬ ਆਇਆ ਊਠ ਪਹਾੜ ਕੇ ਨੀਚੇ ।

ਸ਼ਬਦ ਖਿਝ ਜਾਂਦਾ ਹੈ , ਤੇ ਗੱਲ ਬਦਲਦਣ ਲਈ ਪਾਪਾ ਨੂੰ ਪੁੱਛਦਾ ਹੈ ,ਅਗਮ,, ਹੁਣੀ ਨਹੀਂ ਆਏ ਹਲੇ?

ਪਾਪਾ ਉਸ ਵੱਲ ਦੇਖਦੇ ਕਹਿੰਦੇ ਹਨ : ਨਹੀਂ ਉਹਨਾਂ ਨੂੰ ਅਸੀਂ ਰਸਤੇ ਵਿੱਚੋ ਹੀ ਪਿਕ ਕਰਨਾ ਐ, ਕਿੱਥੇ ਓਹ ਪਹਿਲਾਂ ਇਥੇ ਆਉਣਗੇ...!

ਸ਼ਬਦ ਠੀਕ ਹੈ ਕਹਿੰਦਾ ਹੈ , ਤੇ ਫਿਰ ਚੱਲਣ ਲਈ ਕਹਿੰਦਾ ਹੋਇਆ ਅੱਗੇ ਤੁਰ ਪੈਂਦਾ ਹੈ ,,,ਰਮਣੀਕ ਸਮਾਨ ਨੀਚੇ ਰੱਖ ਸ਼ਬਦ ਨੂੰ ਅੱਖਾਂ ਕੱਢ ਅੱਗੇ ਲੰਘ ਜਾਂਦੀ ਹੈ ।

ਰਮਜ਼ ਸ਼ਬਦ ਤੇ ਮੋਢੇ ਉਥੇ ਥਾਪੀ ਦਿੰਦੇ ਹੋਏ ਹੱਸਦੀ ਹੋਈ ਚਲੇ ਜਾਂਦੀ ਹੈ ,,ਸ਼ਬਦ ਸਮਾਨ ਚੁੱਕਦਾ ਉਸਦੇ ਪਿੱਛੇ ਆਉਂਦਾ ਕਹਿੰਦਾ ਹੈ ,ਤੈਨੂੰ ਤਾਂ ਮੈਂ ਦੇਖ ਲਊਂਗਾ ,,,,।

" ਅੱਛਾ,,,!!" ਰਮਜ਼ ਉਸ ਵੱਲ ਦੇਖਦੀ ਸੀਰੀਅਸ ਹੋ ਕਹਿੰਦੀ ਹੈ ਤੇ ਸਮਾਨ ਉਥੇ ਛੱਡ ਸ਼ਬਦ ਦੇ ਕੁਝ ਬੋਲਣ ਤੋਂ ਪਹਿਲਾਂ ਹੀ ,,ਉੱਚੀ ਆਵਾਜ਼ ਵਿੱਚ ਪਾਪਾ ਕਹਿ ਬੱਸ ਵਿਚ ਜਾ ਬੈਠ ਜਾਂਦੀ ਹੈ ,,,।

ਸ਼ਬਦ ਨਿਮਾਣਾ ਜਿਹਾ ਮੂੰਹ ਕਰ ,,ਸਭ ਸਮਾਨ ਬੱਸ ਦੀ ਲਾਸਟ ਸੀਟ ਉੱਤੇ ਰੱਖ ਦਿੰਦਾ ਹੈ ।

ਸਭ ਬੱਸ ਵਿੱਚ ਬੈਠ ਜਾਂਦੇ ਹਨ ।

ਖੱਬੀ ਸਾਈਡ ਰਮਜ਼ ਦੇ ਮੰਮੀ ਪਾਪਾ , ਤੇ ਪਿੱਛੇ ਸ਼ਬਦ ਤੇ ਰਮਣੀਕ ਬੈਠਦੇ ਹਨ , ਰਮਜ਼ ਸੱਜੀ ਸਾਈਡ ਚੋਥੀ ਸੀਟ ਉੱਤੇ ਖਿੜਕੀ ਵਾਲੀ ਸਾਈਡ ਬੈਠ ਆਪਣਾ ਲੈਪਟੋਪ ਖੋਲ ਕੰਮ ਕਰਨ ਲੱਗ ਜਾਂਦੀ ਹੈ ,,,।

ਬਾਕੀ ਤਿੰਨੋ ਰਮਜ਼ ਵੱਲ ਦੇਖਕੇ ਕਹਿੰਦੇ ਹਨ ,,,ਇਹਨੂੰ ਪੀਪੇ ਨੂੰ ਘਰ ਛੱਡ ਆਉਂਦੀ ,,, ਰਮਜ਼ ਉਹਨਾਂ ਵੱਲ ਧਿਆਨ ਬਿਨਾਂ ਦਿੱਤੇ ਆਪਣਾ ਕੰਮ ਕਰਦੀ ਰਹਿੰਦੀ ਹੈ ,,,।

ਰਮਜ਼ ਦੇ ਮੰਮੀ ਫ਼ੋਨ ਦੇਖਣ ਲੱਗ ਜਾਂਦੇ ਹਨ ਤੇ ਪਾਪਾ ਅੱਗੇ ਡਰਾਈਵਰ ਕੋਲ ਬੈਠ ਉਸ ਨਾਲ਼ ਗੱਲਾਂ ਕਰਨ ਲੱਗ ਜਾਂਦੇ ਹਨ।

ਰਮਣੀਕ, ਸ਼ਬਦ ਤੋਂ ਨਰਾਜ਼ ਹੁੰਦੀ ਹੈ ਤੇ ਖਿੜਕੀ ਵੱਲ ਦੇਖਦੀ ਰਹਿੰਦੀ ਹੈ ,,, ਸ਼ਬਦ ਆਪਣੇ ਬੈਗ ਵਿੱਚੋਂ ਇੱਕ ਫੁੱਲ ਕੱਢਦਾ ਹੈ ਤੇ ਗੋਡਿਆਂ ਤੇ ਬੈਠ ਰਮਣੀਕ ਵੱਲ ਕਰਦਾ ਹੈ ,ਤਾਂ ਓਹ ਮੰਨ ਜਾਂਦੀ ਹੈ।

ਰਮਜ਼ ਦੋਵਾਂ ਵੱਲ ਦੇਖ ਉਹਨਾਂ ਲਈ ਖੁਸ਼ ਹੋ ਜਾਂਦੀ ਹੈ ਤੇ ਕਹਿੰਦੀ ਹੈ , ਆਏ ਹਾਏ ! ਨਜ਼ਰ ਨਾ ਲੱਗੇ ਲਵ ਬਰਡਜ਼ ਨੂੰ ,,ਉਸਦੀ ਗੱਲ ਸੁਣ ਦੋਵੇਂ ਹੱਸਣ ਲੱਗ ਜਾਂਦੇ ਹਨ।

ਥੋੜ੍ਹੀ ਅੱਗੇ ਜਾ,ਅਗਮ ਤੇ ਉਸਦੀ ਮੰਮੀ ਵੀ ਬੱਸ ਵਿੱਚ ਚੜ ਜਾਂਦੇ ਹਨ ,,,, ਰਮਜ਼ ਖੜੀ ਹੋ ਅਗਮ ਦੇ ਮੰਮੀ ਨੂੰ ਮਿਲਦੀ ਹੈ । ਸਾਂਝ ਓਸਨੂੰ ਪਿਆਰ ਦਿੰਦੀ ਹੈ ਤੇ ਰਮਜ਼ ਦੇ ਮੰਮੀ ਨੂੰ ਮਿਲਦੀ ਹੈ ,,,ਸਭ ਆਪਸ ਵਿੱਚ ਮਿਲ ,,, ਬੈਠ ਜਾਂਦੇ ਹਨ,,,, ਰਮਜ਼ ਦੇ ਮੰਮੀ ਨੂੰ ਇਕੱਲੇ ਬੈਠੈ ਦੇਖ ਸਾਂਝ ਉਹਨਾਂ ਕੋਲ ਬੈਠ ਜਾਂਦੀ ਹੈ ,,ਤੇ ਅਗਮ ਰਮਜ਼ ਕੋਲ,,,।

ਅਗਮ ਰਮਜ਼ ਨੂੰ ਵੇਖ ਸਮਾਇਲ ਪਾਸ ਕਰਦਾ ਹੈ ਤੇ ਰਮਜ਼ ਵੀ ਥੋੜ੍ਹੀ ਸਹਿਜ ਹੁੰਦੀ ਹੋਈ  ਉਸਨੂੰ ਸਮਾਇਲ ਦਿੰਦੀ ਹੈ ,,,,, ਅਗਮ ਉਸਨੂੰ ਦੇਖਦਾ ਪੁੱਛਦਾ ਹੈ : ਕਿਵੇਂ ਹੋ ਰਮਜ਼ ,,,

ਰਮਜ਼ ਥੋੜ੍ਹੀ ਦੇਰ ਚੁੱਪ ਹੋ ਕਹਿੰਦੀ ਹੈ : ਮੈਂ ਠੀਕ ,ਤੁਸੀ ਕਿਵੇਂ ਹੋ !

ਅਗਮ ਜਿਵੇਂ ਕੁਝ ਹੋਰ ਸੁਣਨ ਦੀ ਉਮੀਦ ਕਰਦਾ ਹੋਇਆ, ਇਕਦਮ ਆਪਣੇ ਭਾਵ ਬਦਲ ਕਹਿੰਦਾ ਹੈ ,,ਮੈਂ ਵੀ ਠੀਕ ,,,।

ਅਗਮ ਉਸ ਵੱਲ ਸਮਾਇਲ ਕਰਦਾ ਹੈ ਤੇ ਆਪਣੇ ਹੈੱਡ ਫ਼ੋਨ ਕੱਢ ਗੀਤ ਸੁਣਨ ਲੱਗਦਾ ਹੋਇਆ ,ਇੱਕ ਸਿਰਾ ਰਮਜ਼ ਦੇ ਕੰਨ ਵਿੱਚ ਪਾ ਦਿੰਦਾ ਹੈ ,,, ਪ੍ਰਭ ਗਿੱਲ ਦਾ ਗੀਤ ,,,"ਤੂੰ ਵੇਲਾਂ ਵਾਂਗੂੰ ਚੜ ਗਈ ਰੂਹ ਦਿਆਂ ਰੁੱਖਾਂ ਤੇ , ਤੇ ਮੈਂ ਤੇਰੇ ਰਾਹੀਂ ਉੱਗ ਆਇਆ ਹਾਂ ਘਾਹ ਬਣਕੇ " ਚੱਲ ਪੈਂਦਾ ਹੈ ,,ਅਗਮ ਦੇ ਗੀਤਾਂ ਦੀ ਕੋਲੈਕਸ਼ਨ ਦੇਖ ਰਮਜ਼ ਹੈਰਾਨ ਹੋ ਉਸ ਵੱਲ ਦੇਖਣ ਲੱਗ ਜਾਂਦੀ ਹੈ ,,,ਅਗਮ ਇਹ ਮਹਿਸੂਸ ਕਰਦਾ ਹੈ ਤੇ ਹੈੱਡ ਫ਼ੋਨ ਕੱਢ ਦਾ ਹੋਇਆ, ਰਮਜ਼ ਨੂੰ ਕਹਿੰਦਾ ਹੈ ,, ਕੀ ਹੋਇਆ ? ਪਸੰਦ ਨਹੀਂ ਆਇਆ,!

ਰਮਜ਼ ਕੁਝ ਨਾ ਕਹਿੰਦੀ ਹੋਈ ,,, ਆਪਣਾ ਫੋਨ ਖੋਲ ਮਿਊਜ਼ਿਕ ਸੈਕਸ਼ਨ ਖੋਲ ਉਸ ਵੱਲ ਕਰਦੀ ਹੈ,,, ਸੇਮ ਕੋਲੈਕਸ਼ਨ ਦੇਖ ਅਗਮ ਹਲਕਾ ਹੱਸਦਾ ਹੀ ਤੇ ਕਹਿੰਦਾ ਹੈ,,, ਵਾਹ ਸੇਮ ਪਸੰਦ,,,, ਰਮਜ਼ ਦੇ ਮੂੰਹੋਂ ਨਿਕਲ ਜਾਂਦਾ ਹੈ ,,, ਹਮ ਕਦੋਂ ਤੋਂ !

ਅਗਮ ਦੋਨੋ ਹੈੱਡ ਫ਼ੋਨ ਆਪਣੇ ਕੰਨ ਵਿੱਚ ਲਗਾਉਂਦਾ ਸਵਾਲ ਕਰਦਾ ਹੈ ,,: ਹਮ..?

ਰਮਜ਼ ਇੱਕਦਮ ਕਹਿੰਦੀ ਹੈ,, ਕੁਝ ਨਹੀਂ !

ਅਗਮ ਇਸ ਉਮੀਦ ਵਿੱਚ ਸੀ ,,ਕਿ ਰਮਜ਼ ਉਸਨੂੰ ਹੈੱਡ ਫ਼ੋਨ ਦੇਣ ਲਈ ਕਹੇਗੀ,,, ਪਰ ਰਮਜ਼ ਚੁੱਪ ਚਾਪ ਆਪਣੀ ਡਾਇਰੀ ਚੁੱਕ ਲਿਖਣ ਲੱਗ ਜਾਂਦੀ ਹੈ ...।

ਅਗਮ ਸਿਰ ਹਿਲਾਉਂਦਾ ਹੋਇਆ , ਮਨ ਵਿੱਚ ਕਹਿੰਦਾ ਹੈ ,,, ਇਹਦਾ ਕੁਝ ਨਹੀਂ ਹੋ ਸਕਦਾ ।

ਰਮਜ਼ ਡਾਇਰੀ ਵਿੱਚ ਲਿਖਦੀ ਰਹਿੰਦੀ ਹੈ ..... ਇੱਕ ਨਜ਼ਰ ਅਗਮ ਵੱਲ ਦੇਖ ਸ਼ਾਂਤ ਹੋ ,,ਫ਼ਿਰ ਬਾਹਰ ਦੇਖ ,ਕੁਝ ਸਮੇਂ ਲਈ ਅੱਖਾਂ ਬੰਦ ਕਰ , ਫਿਰ ਤੋਂ ਲਿਖਣ ਲੱਗਦੀ ਹੈ,,,,

ਦੇਖ ! , ਇੱਕ ਵਾਰ ਫਿਰ

ਕੋਈ ਮੇਰੇ ਨਜ਼ਦੀਕ ਆਉਣ ਦੀ ਕੋਸ਼ਿਸ਼ ਕਰ ਰਿਹਾ ਏ ,

ਤੇ ਇੱਕ ਵਾਰ ਫਿਰ ,

ਮੈਂ ਆਪਣੇ ਆਪ ਨੂੰ ਸਮੇਟ ਰਹੀ ਆਂ,

ਪਤਾ ਇਹ ਬਿਲਕੁਲ ਹੀ ਅਲੱਗ ਇਨਸਾਨ ਏ

ਇਸਦੀ ਹਰ ਹਰਕਤ ਮੈਨੂੰ ਤੇਰੇ ਤੋ ਉਲਟ ਅਹਿਸਾਸ ਕਰਵਾ ਜਾਂਦੀ ਏ,

ਇੰਨਾ ਕਿ ਨਜ਼ਮਾਂ ਚ ਬੰਨੇ ਮੇਰੇ ਅੱਖਰ ਵੀ ਖੁੱਲੀ ਕਵਿਤਾ ਹੋ ਉਪਜ ਜਾਂਦੇ ਨੇ

ਉਦੋਂ ਤੋਂ ਬਾਅਦ , ਮੈ ਕਿਸੇ ਨਾਲ਼ ਜੁੜ ਨੀ ਸਕੀ,

ਤੇ ਮੈਨੂੰ ਉਮੀਦ ਵੀ ਨਹੀਂ ਮੈਂ ਕਦੇ ਜੁੜ ਸਕਾਂਗੀ,

ਦੇਖ, ਮੈਂ ਕਿੰਨੀ ਪਾਗ਼ਲ ਆਂ,

ਹਲੇ ਵੀ ਤੈਨੂੰ ਦੋਸਤ ਕਹਿੰਦੀ ਆਂ,,!

ਹਲੇ ਤੱਕ ਉਲਝੀ ਫ਼ਿਰਦੀ ਆਂ,

ਸਭ ਚੰਗਾ ਏ,ਜੋ ਮੈਂ ਸੋਚਦੀ ਸੀ ,

ਕਿ ਤੂੰ ਇਸ ਤਰ੍ਹਾਂ ਹੋਵੇਂ, ਉਸ ਤਰ੍ਹਾਂ ਦੇ ਇਨਸਾਨ ਬਣਕੇ ਆਇਆ ਏਂ

ਪਰ ਪਤਾ ਨਹੀਂ ਕਿਉਂ ਮੈਂ ਉੱਥੇ ਹੀ ਅਟਕੀ ਹਾਂ,,

ਮੈਨੂੰ ਹਰ ਚੀਜ਼ ਮਿਲੀ ਏ,,,!

ਤੂੰ ਓਦੋਂ ਹੀ ਇਸ ਤਰ੍ਹਾਂ ਹੋਕੇ ਕਿਉਂ ਨਹੀਂ ਆ ਗਿਆ ,,,!

ਪਰ ਕਦੇ ਰੱਬ ਤੋਂ ਮੰਗਣ ਦੀ ਵੀ ਤਾਂ ਹਿੰਮਤ ਨਹੀਂ ਹੋਈ ,,

, ਜੇ ਮੰਗਿਆ ਹੁੰਦਾ,,, ਸ਼ਾਇਦ ਮਿਲ ਹੀ ਜਾਂਦਾ ,,,,,!

ਪਰ ਸ਼ਾਇਦ , ਮੇਰੇ ਚਾਹੁੰਦੇ ਹੋਏ ਵੀ ਇਹ ਮੇਰੀ ਚਾਹਤ ਨਹੀਂ ਸੀ ,,,,ਪਤਾ,,,,! ਮੈਂ ਚਾਹੁੰਦੀ ਸੀ ਤੂੰ ਮੈਨੂੰ ਖ਼ੁਦ ਲੱਭੇਂ ,,,ਲੱਭਦਾ ਲੱਭਦਾ, ਮੇਰੇ ਕੋਲ਼ ਆਵੇਂ,,,,,ਤੇ ਬੈਠ ਇੱਕ ਲੰਬਾ ਸਾਹ ਲਵੇਂ,,,ਜਿਵੇਂ ਅਕਸਰ ਇੱਕ ਬੱਚਾ ਬਾਹਰ ਖੇਡ, ਆਪਣੀ ਮਾਂ ਕੋਲ਼ ਆ ਲੈਂਦਾ ਏਂ,,,,ਮੈਂ ਤੇਰਾ ਹੱਥ ਫੜ੍ਹ , ਤੈਨੂੰ ਗਲ਼ ਨਾਲ਼ ਲਾ ਲਵਾਂ ,,,,ਤੂੰ ਆਪਣੇ ਸਫ਼ਰ ਦੀ ਹਰ ਗੱਲ ਮੈਨੂੰ ਦੱਸੇਂ , ਮੈਂ ਬੈਠੀ ,ਤੇਰੇ ਵੱਲ ਦੇਖਦੀ ,,,,ਤੈਨੂੰ ਸੁਣਦੀ ਰਹਾਂ,,,,ਤੂੰ ਮੇਰੇ ਨਾਲ਼ ਦੂਰ ਜਾਣ ਦੇ ਸ਼ਿਕਵੇ ਕਰੇਂ , ਤੇ ਮੈਂ ਤੈਨੂੰ ਹਰ ਪਲ ਮੇਰੀਆਂ ਨਜ਼ਰਾਂ ਦਾ ਅਹਿਸਾਸ ਕਰਵਾਵਾਂ,,,ਹਰ ਗੱਲ ਦੱਸਾਂ, ਜੋ ਮੈਂ ਤੇਰੇ ਜਾਣ ਨਾਲ਼ ਹੀ ਸਮੇਟ ਲਈ ਸੀ,,,,ਤੂੰ ਮਹਿਸੂਸ ਕਰੇਂ ,ਮੇਰੀ ਹਰ ਉਸ ਰੀਝ ਨੂੰ ,ਜੋ ਮੈਂ ਖ਼ੁਦ ਆਪਣੇ ਹੱਥੀਂ ਮਾਰ ਲਈ ਸੀ ,,,ਮੇਰੇ ਚਾਵਾਂ ਨੂੰ ਨਵਾਂ ਰੰਗ ਦਵੇਂ ਤੇ ਮੈਨੂੰ ਇੱਕ ਨਵੀਂ ਜ਼ਿੰਦਗੀ ,,,ਹਾਂ,,,,,,ਮੈਂ ਸੱਚੀਂ ਚਾਹੁੰਦੀ ਸੀ ਤੂੰ ਮੈਨੂੰ ਖ਼ੁਦ ਲੱਭੇਂ ,,,,,ਪਰ ਇੰਝ ਨਹੀਂ ਹੋਇਆ



(ਤਹਿਜ਼ੀਬ)

ਤੇਰੀ ਲੱਭਤ ਦੀ ਉਡੀਕ ਵਿੱਚ ਮੈਂ ਗਵਾਚਦੀ ਗਈ,,,ਮੇਰੇ ਚਾਅ , ਤੈਨੂੰ ਉਡੀਕਦੇ ਉਡੀਕਦੇ , ਸਿਮਟਦੇ ਗਏ,,,, ਮੈਨੂੰ ਸਭ ਮਿਲਿਆ ਪਰ ਇੱਕ ਉਲਝਣ ਹਮੇਸ਼ਾ ਮੇਰੇ ਨਾਲ਼ ਰਹੀ ,,, ਹੁਣ ਮੇਰੀਆਂ ਰੀਝਾਂ, ਅਣਕਹੀਆਂ ਗੱਲਾਂ, ਬੱਸ ਕੁਦਰਤ ਸੁਣਦੀ ਏ,ਮੇਰੀਆਂ ਉਲਝਣਾਂ ਹੁਣ ਬੱਸ ਓਹ ਰੱਬ ਹੱਲ ਕਰਦਾ ਏ,,,ਹਾਂ ਤੇਰੇ ਵਾਂਗ ਦੂਰ ਓਹ ਵੀ ਐ,,,ਪਰ ਓਹ ਮੈਨੂੰ ਲੱਭ ਲੈਂਦਾ ਏ, ਤੇ ਫਿਰ ਗਵਾਚਣ ਹੀ ਨਹੀਂ ਦਿੰਦਾ ,,,ਓਹ ਮੇਰੇ ਨਾਲ਼ ਸ਼ਿਕਵੇ ਵੀ ਨਹੀਂ ਕਰਦਾ ,ਬੱਸ ਅਪਣਾ ਲੈਂਦਾ ਏ,,,,

ਸੱਚ ਦੱਸਾਂ , ਹੁਣ ਮੈਨੂੰ ਡਰ ਲੱਗਦਾ ਏ,ਕਿ ਕਿਤੇ ਤੂੰ ਮੈਨੂੰ ਲੱਭੇ ,,,,ਤਾਂ ਮੈਂ ਕੁਦਰਤ ਤੋ ਦੂਰ ਹੋਣ ਦੇ ਡਰ ਕਾਰਨ, ਤੈਨੂੰ ਪਹਿਚਾਣਾਂ ਹੀ ਨਾ ,,, ਪਰ ਯਾਰ,,,,! ਕਦੇ ਕਦੇ, ਇੱਕ ਚੀਸ ਜਹੀ ਉੱਠ ਪੈਂਦੀ ਏ,,,,ਕਿ ਤੂੰ ਮੇਰੇ ਨਾਲ ਹੋ ਕੁਦਰਤ ਨੂੰ ਨਿਗਾਰੇਂ ,,ਤੇ ਸਾਨੂੰ ਕੱਠਿਆਂ ਦੇਖ, ਇਹ ,,,ਇਹ ਪੱਤੇ ਖੁਸ਼ੀ ਵਿੱਚ ਮਹਿਕਣ ਲੱਗ ਜਾਣ ਫੁੱਲਾਂ ਨੂੰ ਇੱਕ ਨਵਾਂ ਰੰਗ ਚੜ ਜਾਵੇ ਤੇ ਓਹ ਰੱਬ ਸਾਨੂੰ ਕੱਠਿਆਂ ਦੇਖ ਆਪਣੇ ਇਸ ਕੌਤਕ ਉੱਤੇ ਮਾਣ ਮਹਿਸੂਸ ਕਰੇ ,

ਕਾਸ਼,,,,,,,,, ਲਿਖਦੀ ਲਿਖਦੀ ਰਮਜ਼ ਸੌਂ ਜਾਂਦੀ ਹੈ ਤੇ ਅਗਮ ਉਸਨੂੰ ਸੰਭਾਲ ਉਸਦਾ ਸਿਰ ਆਪਣੇ ਮੋਢੇ ਤੇ ਰੱਖ ਦਿੰਦਾ ਹੈ,,,, ਓਸਨੂੰ ਆਪਣੀ ਡਾਇਰੀ, ਹੱਥਾਂ ਵਿੱਚ ਘੁੱਟਕੇ ਫੜੀ ਦੇਖ , ਅਗਮ ਹਲਕਾ ਹੱਸਦਾ ਹੈ,,ਤੇ ਡਾਇਰੀ ਫ਼ੜ ਬੰਦ ਕਰ ਰੱਖਣ ਲੱਗਦਾ ਹੈ,,,,,ਉਸਦਾ ਪੜਨ ਦਾ ਮਨ ਸੀ,,ਪਰ ਓਹ ਰਖ ਦਿੰਦਾ ਹੈ ,,, ਰਮਜ਼ ਨੀਂਦ ਵਿੱਚ ਉਸਦੀ ਬਾਂਹ ਕਿਸੇ ਬੱਚੇ ਵਾਂਗ ਘੁੱਟ ਕੇ ਫ਼ੜ ਲੈਂਦੀ ਹੈ,,,ਅਗਮ ਹਲਕਾ ਹੱਸਦਾ ਹੋਇਆ , ਡਾਇਰੀ ਚੁੱਕ ਪੜਨ ਲੱਗ ਜਾਂਦਾ ਹੈ ,,,,ਤੇ ਪੜ ਇੱਕ ਅਜੀਬ ਅਹੇ ਇਹਸਾਸ ਨਾਲ਼ ਰਖ ਦਿੰਦਾ ਹੈ ,,,l



(ਤਹਿਜ਼ੀਬ)

ਕੁਝ ਅੱਗੇ ਜਾ,ਸਭ ਖਾਣੇ ਲਈ ਰੁਕਦੇ ਨੇ ,,,,, ਸਾਂਝ ਅਗਮ ਤੇ ਰਮਜ਼ ਵੱਲ ਦੇਖ ਖੁਸ਼ ਹੁੰਦੀ ਹੈ ,,, ਰਮਜ਼ ਦੇ ਮੰਮੀ ਰਮਜ਼ ਨੂੰ ਉਠਾਉਣ ਲੱਗਦੇ ਹਨ ,ਪਰ ਅਗਮ ਮਨ੍ਹਾ ਕਰ ਦਿੰਦਾ ਹੈ,,, ਸਾਂਝ ਰਮਜ਼ ਦੇ ਮੰਮੀ ਨੂੰ ਅੱਗੇ ਆਉਂਦੀ ਹੋਈ ਕਹਿੰਦੀ ਹੈ ,,, ਅਸੀਂ ਚੱਲਦੇ ਹਾਂ ਭੈਣਜੀ , ਇਹਨਾਂ ਲਈ ਪੈਕ ਕਰਕੇ ਲਿਆ ਦਵਾਂਗੇ,, ਨਾਲੇ ਸਫ਼ਰ ਲੰਬਾ ਆ , ਚੰਗਾ ਆ ਅਰਾਮ ਕਰ ਰਹੀ ਆ ,ਉੱਥੇ ਜਾਕੇ ਘੁੰਮ ਫਿਰ ਲਵਾਂਗੇ,,,,ਸਾਰੇ ਉਸਦੀ ਗੱਲ ਨਾਲ ਸਹਿਮਤ ਹੁੰਦੇ ਹਨ ਤੇ ਚਲੇ ਜਾਂਦੇ ਹਨ।

ਅਗਮ ਉਸੇ ਤਰ੍ਹਾਂ ਸ਼ਾਂਤ ਬੈਠਾ ਰਹਿੰਦਾ ਹੈ , ਤੇ ਕੁਝ ਸਮੇਂ ਲਈ ਸਿਰ ਸੀਟ ਨਾਲ ਲਗਾ ਅੱਖਾਂ ਬੰਦ ਕਰ ਬੈਠ ਜਾਂਦਾ ਹੈ । ਰਮਜ਼ ਦੀ ਅੱਖ ਖੁੱਲਦੀ ਹੈ ਤਾਂ ਓਹ ਇੱਕਦਮ ਅਗਮ ਦੀ ਬਾਂਹ ਛੱਡ ਦਿੰਦੀ ਹੈ ,,ਅਗਮ ਨੂੰ ਸੁੱਤਾ ਸਮਝ ਉਸ ਵੱਲ ਦੇਖਣ ਲੱਗ ਜਾਂਦੀ ਹੈ । ਤੇ ਫਿਰ ਸਮਾਇਲ ਕਰ ਆਪਣੇ ਆਪ ਨੂੰ ਕਹਿੰਦੀ ਹੈ ,,,ਸੋਹਣਾ ਤਾਂ ਹੈ ,,,,

ਅਗਮ ਉਸਦੀ ਗੱਲ ਸੁਣ ਉਸੇ ਤਰ੍ਹਾਂ ਅੱਖਾਂ ਬੰਦ ਕਰ ਮਸੁਕਰਾਉਂਦਾ ਹੋਇਆ ਕਹਿੰਦਾ ਹੈ ,,, ਸਮਾਰਟ ਵੀ ਏ,,,,, ਰਮਜ਼ ਸਹਿ ਸੁਭਾਅ ਕਹਿੰਦੀ ਹੈ , ਹਾਂ ਇੱਦਾਂ ਤਾਂ ਪੜਿਆ ਲਿਖਿਆ ਵੀ ਏ,,,,ਤੇ ਫਿਰ ਇਕਦਮ ਅਗਮ ਨੂੰ ਜਾਗਦਾ ਮਹਿਸੂਸ ਕਰਦੀ ਹੋਈ ਅੱਖਾਂ ਘੁੱਟ ਕੇ ਬੰਦ ਕਰ ਫ਼ਿਰ ਖੋਲ ਅਗਮ ਵੱਲ ਦੇਖਦੀ ਕਹਿੰਦੀ ਹੈ ,,,ਮੈਨੂੰ ਲੱਗਾ ਤੁਸੀਂ ਸੋ ਰਹੇ ਹੋ ,,,ਅਗਮ ਗਲਾ ਸਾਫ ਕਰਦਾ ਰਮਜ਼ ਵੱਲ ਦੇਖਦਾ ਕਹਿੰਦਾ ਹੈ,,,,, ਤੁਸੀਂ...!! ਵਾਹ ਜੀ ,,,,,ਅੱਜ ਤਾਂ ਸਰਪ੍ਰਾਇਜ਼ ਮਿਲ ਰਹੇ ਆ ,,,,

ਰਮਜ਼ ਦੇ ਚਿਹਰੇ ਉੱਤੇ ਡਰ ਦੇ ਭਾਵ ਆ ਜਾਂਦੇ ਹਨ ,ਤੇ ਇਕਦਮ ਪੁੱਛਦੀ ਹੈ ,,ਬਾਕੀ ਕਿੱਥੇ ਨੇ,,,,

ਅਗਮ ਰਮਜ਼ ਦੇ ਡਰ ਨੂੰ ਮਹਿਸੂਸ ਕਰਦਾ ਉਸਦੀ ਹਾਲਤ ਸਮਝਦਾ ਕਹਿੰਦਾ ਹੈ,,,, ਡੋਂਟ ਵਰੀ ਰਮਜ਼,,,,ਮੈਂ ਇਸ ਤਰ੍ਹਾਂ ਦਾ ਨਹੀਂ ਕਿ ਤੁਹਾਡੇ ਨਾਲ ਜ਼ਬਰਦਸਤੀ ਕੁਝ ਵੀ ਕਰਾਂ,,,,,, ਰਮਜ਼ ਸ਼ਰਮਿੰਦਾ ਹੁੰਦੀ ਹੋਈ ਕਹਿੰਦੀ ਹੈ ,,,ਨਹੀਂ,,,,,,,ਓਹ ਮੇਰਾ ਮਤਲਬ,,,,,ਅਗਮ ਉਸਦੀ ਗੱਲ ਬਿਨਾਂ ਸੁਣੇ ਕਹਿੰਦਾ ਹੈ ,,,ਬਾਕੀ ਸਾਰੇ ਬਾਹਰ ਗਏ ਨੇ,,,,, ਖਾਣਾ ਖਾਣ,,ਸਾਡੇ ਲਈ ਇੱਥੇ ਲੈ ਆਉਣਗੇ,,,, ਰਮਜ਼ ਅਗਮ ਦੀ ਨਰਾਜ਼ਗੀ ਨੂੰ ਵੇਖਦੇ ਹੋਏ ਕਹਿੰਦੀ ਹੈ, ਅੱਛਾ ਸੋਰੀ ਨਾ,,,,, ਅਗਮ ਮੂੰਹ ਬਣਾ ਕੇ ਉਥੋਂ ਉੱਠਣ ਲੱਗਦਾ ਹੈ ਤਾਂ ਰਮਜ਼ ਉਸਦਾ ਹੱਥ ਫੜ ਉਸਨੂੰ ਬਿਠਾ ਲੈਂਦੀ ਹੈ ਤੇ ਕਹਿੰਦੀ ਹੈ , ਆਏ ਹਾਏ,ਤੇਰੇ ਨਖ਼ਰੇ ਸੋਹਣਿਆ,,,,ਅਗਮ ਇੱਕਦਮ ਹੱਸਣ ਲੱਗ ਜਾਂਦਾ ਹੈ ਤੇ ਰਮਜ਼ ਵੱਲ ਦੇਖ ਹਸੀ ਕੰਟਰੋਲ ਕਰਦਾ ਕਹਿੰਦਾ ਹੈ ,,, ਪਾਗ਼ਲ,,,,

ਰਮਜ਼ ਉਸਦਾ ਹੱਥ ਛੱਡ ਦੀ ਕਹਿੰਦੀ ਹੈ ,, ਹਾਂ ਮੈਨੂੰ ਪਤਾ ਐ ਤੂੰ ਹੈਂ,,ਹੁਣ ਕੀ ਕਰ ਸਕਦੇ ਆਂ, ਕੋਈ ਨਾ ਇਲਾਜ ਮੈ ਕਰਵਾ ਦਊਂਗੀ,,,,ਹੁਣ ਇੱਕ ਪਾਗ਼ਲ ਦੇ ਹੱਥ ਸਾਰੇ ਜਿਲੇ ਦੀ ਵਾਂਗ ਡੋਰ ਆ ਤਾਂ,, ਕੀ ਈ ਕਰ ਸਕਦੇ ਆ,,,

ਅਗਮ ਉਸ ਵੱਲ ਦੇਖਦਾ ਹੱਸਦਾ ਕਹਿੰਦਾ ਹੈ ,,, ਅੱਛਾ, ਤੂੰ ਬੋਲਦੀ ਵੀ ਆਂ,,? ਮੈਨੂੰ ਤਾਂ ਲੱਗਾ ਸੀ ਚੁੱਪ ਚਾਪ ਬੈਠੀ ਰਹਿੰਦੀ ,,

ਰਮਜ਼ ਤਾਹਨਾ ਮਾਰਦੀ ਹੋਈ ਕਹਿੰਦੀ ਹੈ, ਹਾਂ ਤੈਨੂੰ ਤਾਂ ਬਹੁਤ ਕੁਝ ਲੱਗਦਾ ਆ ।

ਅਗਮ ਹੱਸਦਾ ਕਹਿੰਦਾ ਹੈ , ਹੁਣ ਮੈਂ ਕੀ ਕੀਤਾ ਯਾਰ ,,

ਰਮਜ਼ ਜਾਣ ਬੁੱਝ ਮੂੰਹ ਬਣਾ ਬੈਠ ਜਾਂਦੀ ਹੈ ,,,।

ਅਗਮ ਉਸ ਵੱਲ ਦੇਖਦਾ ਕਹਿੰਦਾ ਹੈ :

***ਇੰਝ ਅੱਖਾਂ ਨਾ ਫੇਰ ਮੇਰੇ ਯਾਰਾ ਓਏ***

***ਤੇਰੀਆਂ ਦੀਦਾਂ ਸਦਕੇ ਜੀ ਰਿਹਾਂ,***

***ਜੇ ਤੂੰ ਕੀਮਤ ਦੱਸੇਂ ਖੁਸ਼ ਹੋਣੇ ਦੀ***

***ਮੈਂ ਜ਼ਹਿਰ ਵੀ ਤੇਰੇ ਲਈ ਪੀ ਲਿਆਂ ,, ।।***

ਰਮਜ਼ ਉਸ ਵੱਲ ਹੈਰਾਨੀ ਨਾਲ਼ ਦੇਖਦੀ ਕਹਿੰਦੀ ਹੈ ,,,, ਤੈਂਨੂੰ ਸ਼ਾਇਰੀ ਵੀ ਆਉਂਦੀ ਆ ,,ਮੇਰਾ ਮਤਲਬ ਤੂੰ ਲਿਖਦਾ ਏਂ,,,, ਹਜੇ ਕੀ ਕੀ ਜਾਨਣਾ ਬਾਕੀ ਆ ਤੇਰੇ ਵਾਰੇ,,,??

ਅਗਮ ਉਸਦੀਆਂ ਅੱਖਾਂ ਵਿੱਚ  ਦੇਖਦਾ ਕਹਿੰਦਾ ਹੈ ,

**ਪਰਛਾਵੇਂ ਨੂੰ ਪਹਿਚਾਣੇਗੀ ਜਦ**

**ਮੈਂ ਲੱਭਣਾ ਨੀਂ ਮੈਨੂੰ ਜਾਣੇਗੀ ਜਦ ,,,,!**

ਰਮਜ਼ ,,,ਕੀ ਮਤਲਬ ,,,,?

ਅਗਮ ,ਕੁਝ ਨਹੀਂ.?

ਰਮਜ਼,,ਨਹੀਂ ਕੁਝ ਤਾਂ ਹੈ ,,,

ਅਗਮ ਖਿਝ ਕੇ ਕਹਿੰਦਾ ਹੈ ,,ਉਹੋ ਯਾਰ, ਤੁੱਕ ਜੋੜ ਦਿੱਤੀ ਬੱਸ,,

ਇੰਨੇ ਨੂੰ ਸਭ ਵਾਪਿਸ ਆ ਜਾਂਦੇ ਹਨ ਤੇ ਸਾਂਝ ਅਗਮ ਤੇ ਰਮਜ਼ ਨੂੰ  ਖਾਣਾ ਦਿੰਦੀ ਹੈ ,,,ਅਗਮ ਪਲੇਟ ਫ਼ੜ ਖਾਣ ਲੱਗ ਜਾਂਦਾ ਹੈ ,,,,,ਤੇ ਰਮਜ਼ ਸੋਚੀ ਜਾਂਦੀ ਹੈ ,,, ਕੀ ਮਤਲਬ ,, ਜਾਣਗੀ,, ਲੱਭਾਂਗੀ ਕੀ ਮਤਲਬ ਆ ਏਹਦਾ ,,,

ਅਗਮ ਹੱਸਦਾ ਕਹਿੰਦਾ ਹੈ ,, ਨਾ ਸੋਚ ਮੇਰੀ ਮਾਂ ਖਾਣਾ ਖ਼ਾ ਲੈ ।

ਦੋਵੇਂ ਖਾਣਾ ਖਾ ਲੈਂਦੇ ਹਨ ,,।

ਰਮਜ਼ ਕੁਝ ਟਾਇਮ ਆਪਣਾ ਫੋਨ ਚਲਾਈ ਜਾਂਦੀ ਹੈ ,ਤੇ ਫ਼ਿਰ ਅਗਮ ਵੱਲ ਦੇਖਦੀ ਹੈ ਜੋਕਿ ਸੌਂ ਚੁੱਕਾ ਸੀ ,,, ਉਸਨੂੰ ਬਾਂਹ ਤੋਂ ਫੜ ਉਠਾਉਂਦੀ ਪੁੱਛਦੀ ਹੈ , ਅੰਤਾਕਸ਼ਰੀ ਖੇਡੀਏ,,,,,, ਅਗਮ ਇਕਦਮ ਨੀਂਦ ਵਿੱਚੋਂ ਉੱਠਦਾ ਹੈ ਤੇ ਫੋਨ ਉੱਤੇ ਟਾਈਮ ਦੇਖਦਾ ਹੈ ,,,,ਰਮਜ਼ ਵੱਲ ਅਜੀਬ ਮਾਸੂਮ ਮੂੰਹ ਬਣਾ ਕਹਿੰਦਾ ਹੈ ,,,, ਰਮਜ਼,,,,,,,

ਰਮਜ਼ ਉਸ ਵੱਲ ਬਿਨਾਂ ਦੇਖੇ ਹੀ ਕਹਿੰਦੀ ਹੈ ,,, ਹਮ,,,,

ਅਗਮ,,,12 ਵੱਜੇ ਆ ,,,, ਰਾਤ ਦੇ ,,,

ਰਮਜ਼,, ਹਮ?? ਫ਼ੇਰ ਕੀ ਹੋਇਆ ,,,,ਮਾਸੂਮ ਜਿਹਾ ਮੂੰਹ ਬਣਾ ਅਗਮ ਵੱਲ ਦੇਖਦੀ ਰਹਿੰਦੀ ਹੈ ।

ਅਗਮ,,,, ਓਹ,,, ਸੋ ਸਵੀਟ ਰਮਜ਼ ,,ਤੈਨੂੰ ਪਤਾ ਆ ,,,ਰਾਤ ਨੂੰ ਜਿਹੜੇ ਇਨਸਾਨ ਹੁੰਦੇ ਆ ਨਾ ,,,,, ਰਮਜ਼ ਉਸ ਵੱਲ ਘੂਰਦੀ ਹੈ,

ਅਗਮ ਹੜਬੜਾ ਕੇ ਕਹਿੰਦਾ ਹੈ ,,,ਨੌਰਮਲ ਇਨਸਾਨ ,,,ਓਹ ਨਾ ਸੌਂ ਜਾਂਦੇ ਹੁੰਦੇ ਆ ,,,,ਤੇ ਭੋਲ਼ਾ ਜਿਹਾ ਮੂੰਹ ਬਣਾ ਦੇਖਦਾ ਰਹਿੰਦਾ ਹੈ ।

ਰਮਜ਼ ਖਿਝ ਕੇ ਗ਼ੁੱਸੇ ਵਾਲ਼ਾ ਮੂੰਹ ਬਣਾਉਂਦੀ ਕਹਿੰਦੀ ਹੈ ,,,, ਤੈਨੂੰ ਪਤਾ ਆ ਅਗਮ ,,,ਜਿਹੜੇ ਨੌਰਮਲ ਇਨਸਾਨ ਹੁੰਦੇ ਆ ,, ਕਿਤੇ ਘੁੰਮਣ ਜਾਂਦੇ ਆ ,,,,ਓਹ ਸਾਰੀ ਦਿਹਾੜੀ ਸੌਂ ਕੇ ਨਹੀਂ ਕੱਢ ਦੇ ,,,

ਅਗਮ ਮੂੰਹ ਵਿੱਚ ਬੋਲਦਾ ਹੈ ,, ਹਾਂ,,, ਸਾਰਾ ਦਿਨ ਆਪ ਸੁੱਤੀ ਰਹੀ ,,,

ਰਮਜ਼,,ਸੁਣ ਲਿਆ ਮੈਂ,,,,!

ਅਗਮ: ਸੁਣਾਉਣ ਲਈ ਹੀ ਕਿਹਾ ਜਨਾਬ ,,,ਤੇ ਹੱਸਕੇ ਰਮਜ਼ ਵੱਲ ਦੇਖਦਾ ਕਹਿੰਦਾ ਹੈ ,,,ਅੱਛਾ ਇੱਦਾਂ ਕਰ ,,, ਆਲ਼ੇ ਦੁਆਲ਼ੇ ਦੇਖ ,,,ਤੈਨੂੰ ਕੋਈ ਜਾਗਦਾ ਦਿਖ ਰਿਹਾ ਆ ??

ਰਮਜ਼ ਇਕਦਮ ਇਹਸਾਸ ਕਰਦੀ ਹੋਈ ਸਭ ਵੱਲ ਦੇਖਦੀ ਹੈ ਤਾਂ ਸਾਰੇ ਸੌਂ ਗਏ ਹੁੰਦੇ ਹਨ,,,

ਭੋਲ਼ਾ ਮੂੰਹ ਬਣਾ ਕਹਿੰਦੀ ਹੈ ,,,ਇਹ ਸੌਂ ਗਏ !

ਅਗਮ ਉਸਦਾ ਸਿਰ ਕਿਸੇ ਛੋਟੇ ਬੱਚੇ ਵਾਂਗ ਪਲੋਸਦੇ ਕਹਿੰਦਾ ਹੈ , ,,,ਹਾਂ,,ਤੈਨੂੰ ਦੱਸਿਆ ਸੀ ਨਾ ,,,ਓਹ ਨੌਰਮਲ ਇਨਸਾਨ ਵਾਲ਼ੀ ਗੱਲ !!

ਰਮਜ਼,,ਮੂੰਹ ਬਣਾ ਕੇ ਬੈਠ ਜਾਂਦੀ ਹੈ ਤੇ ਅਗਮ ਫਿਰ ਤੋਂ ਸੌਣ ਦੀ ਕੋਸ਼ਿਸ਼ ਕਰਦਾ ਹੈ ,,

ਰਮਜ਼ ਫਿਰ ਤੋਂ ਉਸਨੂੰ ਉਠਾਉਂਦੀ ਕਹਿੰਦੀ ਹੈ ,,,ਅਗਮ !!

ਓਹ ਅੱਖਾਂ ਬੰਦ ਕਰ ਨੀਂਦ ਵਿਚ ਬੋਲਦਾ ਹੈ ,,,ਹਾਂਜੀ !!

ਰਮਜ਼,,,ਮੈਨੂੰ ਨੀਂਦ ਨੀ ਆ ਰਹੀ ਯਾਰ ,,,,

ਅਗਮ,,ਦਿਨ ਵਿੱਚ ਨਹੀਂ ਸੌਣਾ ਸੀ ਯਾਰ!!

ਰਮਜ਼ ਰੋਣ ਵਾਲਾ ਮੂੰਹ ਬਣਾ ਬੈਠੀ ਰਹਿੰਦੀ ਹੈ ,,,,

ਅਗਮ ਉੱਠ ਕੇ ਉਸ ਵੱਲ ਦੇਖਦਾ ਹੈ ਤੇ ਕਹਿੰਦਾ ਹੈ ,,,ਅੱਛਾ ਠੀਕ ਆ , !!

ਰਮਜ਼ ਖੁਸ਼ ਹੋ ਜਾਂਦੀ ਤੇ ਕਹਿੰਦੀ ਹੈ ,,,,ਅੱਛਾ ਮੈਨੂੰ ਦੱਸ ,,,, ਤੇਰਾ ਫਰਸਟ ਲਵ ਕੌਣ ਸੀ ,,,,

ਅਗਮ ਉਸ ਵੱਲ ਦੇਖਦਾ ਰਹਿੰਦਾ ਹੈ ,,,,,

ਰਮਜ਼ : ਕੀ ਹੋਇਆ ,,ਦੱਸ ਕੌਣ ਸੀ ,,,

ਅਗਮ ਹੱਸਦਾ ਹੈ ਤੇ ਕਹਿੰਦਾ ਹੈ ,,,,ਰੱਬ !!

ਰਮਜ਼ ,,,ਵਾਹ ,,,! ਅੱਛਾ ਤਰੀਕਾ ਆ ਜਵਾਬ ਘੁੰਮਾਉਣ ਦਾ,,,

ਅਗਮ ਹੱਸਕੇ ਕਹਿੰਦਾ ਹੈ ,,,ਅੱਛਾ ਤੂੰ ਦੱਸ ਤੇਰਾ ਕੌਣ ਸੀ ?

ਰਮਜ਼ ਇਕਦਮ ਸੀਰੀਅਸ ਹੋ ਸੋਚਾਂ ਵਿੱਚ ਪੈ ਜਾਂਦੀ ਹੈ ,,,, ਪਤਾ ਨਹੀਂ,,,,! ਮੈਨੂੰ ਤਾਂ ਇਹ ਵੀ ਨੀ ਪਤਾ, ਓਹ ਪਿਆਰ ਸੀ ਜਾਂ ਦੋਸਤੀ ,,,,

ਅਗਮ,,, ਪਿਆਰ ਜਾਂ ਦੋਸਤੀ ,,,,,,,,ਬਹੁਤ ਫਰਕ ਹੁੰਦਾ ਆ ਇਹਨਾਂ ਵਿਚ ,,,

ਰਮਜ਼,, ਹਾਂ,,ਪਰ ਮੈਂ ਉਲਝੀ ਹੋਈ ਸੀ ,,,,ਪਤਾ ਨਹੀਂ ਉਸ ਉਲਝਣ ਵਿੱਚ ਕਿੰਨੇ ਹੀ ਗਲਤ ਕਦਮ ਪੁੱਟੇ ,,,,ਮੈਂ ਕਿਸੇ ਨੂੰ ਬਲੇਮ ਨਹੀਂ ਕਰ ਸਕਦੀ ਉਸ ਲਈ ,,,

ਅਗਮ,,,, ਜੋ ਹੁੰਦਾ ਚੰਗੇ ਲਈ ਹੁੰਦਾ ,,,

ਰਮਜ਼,,, ਹਮ,,ਇਹ ਤਾਂ ਹੈ ,,,,

ਅਗਮ ਇਕਦਮ ਮਾਹੌਲ ਬਦਲਦਾ ਕਹਿੰਦਾ ਹੈ ,,,ਅੱਛਾ ਚੱਲ ਅੱਜ ਤੇਰੀ ਉਲਝਣ ਦੂਰ ਕਰੀਏ ,,,,ਮੈਨੂੰ ਇਹ ਦੱਸ ਤੇਰਾ ਜੋ ਦੋਸਤ ਸੀ ,,ਜਾਂ ਪਿਆਰ ਸੀ ,,,,ਓਹ ਤੇਰੀ ਰਿਸਪੈਕਟ ਦੀ ਰਿਸਪੈਕਟ ਕਰਦਾ ਸੀ ,,??

ਰਮਜ਼,, ਹੜਬੜਾ ਕੇ ਕਹਿੰਦੀ ਹੈ ,,, ਹਾਂ,, ਤੇ ਫਿਰ ਹੌਲ਼ੀ ਬੋਲਦੀ ਹੈ ,,,ਮਤਲਬ ਕਦੇ ਕਦੇ , ਓਹ ਐਬਿਊਸ ਹੋ ਜਾਂਦਾ ਸੀ

ਅਗਮ ਹੈਰਾਨ ਹੋ ਕਹਿੰਦਾ ਹੈ ,,,ਤੇ ਤੂੰ ਸੁਣ ਲੈਂਦੀ ਸੀ,,,

ਰਮਜ਼,,ਨਹੀਂ ਮੈਂ ਵੀ ਬੋਲਦੀ ਸੀ ,,,ਮਤਲਬ ਉਸੇ ਟੋਨ ਵਿੱਚ ,,,,ਪਰ ਮੈਂ ਉਸਨੂੰ ਸਮਝਾਉਂਦੀ ਵੀ ਸੀ ,,

ਅਗਮ,,,ਅੱਛਾ ਜਿਵੇਂ ਓਹ ਤੇਰੇ ਨਾ ਬਿਹੇਵ ਕਰਦਾ ਸੀ ,,, ਆਪਣੇ ਘਰ ਵੀ ਉਵੇਂ ਸੀ ,,,

ਰਮਜ਼,, ਨੀਵੀਂ ਪਾ ਕਹਿੰਦੀ ਹੈ ਨਹੀਂ,,,,

ਅਗਮ,,,ਅੱਛਾ ,,,! ਕੋਈ ਨਾ ,,,ਪਰ ਤੂੰ ਕਿਵੇਂ ਸ਼ੋਅਰ ਆ, ਕਿ ਉਹਦੇ ਵੱਲੋਂ ਦੋਸਤੀ ਸੀ !

ਰਮਜ਼,,,ਓਹ ਮੈਨੂ ਕਹਿੰਦਾ ਸੀ ਕਿ ਓਹਨੂੰ ਮੇਰੇ ਨਾਲ਼ ਪਿਆਰ ਏ,,,1

ਰਮਜ਼,,, ਓਹ ਕਹਿੰਦਾ ਸੀ ਮੈਨੂੰ ਤੇਰੇ ਨਾਲ਼ ਪਿਆਰ ਏ,,,,

ਅਗਮ ਉਸ ਵੱਲ ਦੇਖਦਾ ਕਹਿੰਦਾ ਹੈ ,,,, ਤੇ ਤੈਨੂੰ ਉਸਦੇ ਪਿਆਰ ਨਾਲ਼ ਪਿਆਰ ਸੀ ,,,

ਰਮਜ਼ ਕੁਝ ਦੇਰ ਚੁੱਪ ਹੋ ਕਹਿੰਦੀ ਹੈ ,,, ਨਹੀਂ,,,ਮੈਨੂੰ ਇੱਜ਼ਤ ਸੀ ,,ਸਾਡੀ ਦੋਸਤੀ ਦੀ ,,ਸਾਡੇ ਰਿਸ਼ਤੇ ਦੀ ,,,,,,,ਫਿਰ ਇੱਕਦਮ ਅਗਮ ਵੱਲ ਦੇਖਦੀ ਕਹਿੰਦੀ ਹੈ ,,,ਤੈਨੂੰ ਪਤਾ ਅਗਮ ,,,ਮੈਂ ਕੁਝ ਗਲਤੀਆਂ ਕਰ ਚੁੱਕੀ ਸੀ ,,,ਮੈਨੂੰ ਤਾਂ ਮੈਂ ਉਸਦੇ ਵੀ ਕਾਬਿਲ ਨਹੀਂ ਸੀ ਲੱਗਦੀ ,,,, ਮੈਨੂੰ ਲੱਗਦਾ ਸੀ ਮੈਂ ਹੱਕਦਾਰ ਆਂ,,ਸੱਚ ਦੱਸਾਂ ਤਾਂ ਮੈਨੂੰ ਕਦੇ ਓਹ ਗਲਤ ਲੱਗਿਆ ਹੀ ਨੀਂ,,,ਕਦੇ ਕੁਝ ਗਲਤ ਨੀ ਲੱਗਿਆ,,, ਜੋ ਵੀ ਮੇਰੇ ਨਾਲ਼ ਹੋਇਆ ,,, ਸਭ ਮੇਰੇ ਚੰਗੇ ਲਈ ਹੀ ਸੀ ,,,,ਬੱਸ ਉਸ ਉਲਝਣ ਵਿੱਚੋਂ ਮੈਂ ਬਾਹਰ ਨਹੀਂ ਆ ਪਾਈ,,,,

ਅਗਮ,,, ਅੱਛਾ ਮੈਨੂੰ ਦੱਸ ਕਿਹੜੀ ਚੀਜ਼ ਤੈਨੂੰ ਉਸ ਦੇ ਪਿਆਰ ਜਾਂ ਦੋਸਤੀ ਉੱਤੇ ਯਕੀਨ ਦਵਾਉਂਦੀ ਸੀ ,,,!

ਰਮਜ਼ ਇੱਕ ਲੰਬਾ ਸਾਹ ਲੈਂਦੇ ਹੋਏ ਕਹਿੰਦੀ ਹੈ ,,,,ਓਹ ਕਦੇ ਮੈਨੂੰ ਛੱਡਕੇ ਨੀਂ ਗਿਆ ,,,,,ਤੇ ਚੁੱਪ ਹੋ ਜਾਂਦੀ ਹੈ

ਅਗਮ ਉਸਦੇ ਅੱਗੇ ਬੋਲਣ ਦਾ ਇੰਤਜ਼ਾਰ ਕਰਦਾ ਹੈ,,,,

ਰਮਜ਼ ਉਸ ਵੱਲ ਦੇਖਦੀ ਕਹਿੰਦੀ ਹੈ ,,,ਅਗਮ ਮੇਰੇ ਉੱਤੇ ਨਿੱਕੀਆਂ ਨਿੱਕੀਆਂ ਗੱਲਾਂ ਦਾ ਬਹੁਤ ਅਸਰ ਹੁੰਦਾ,,,,ਸ਼ਾਇਦ ਹਰ ਚੀਜ਼ ਦਾ ਇੱਕ ਸਮਾਂ ਹੁੰਦਾ ਏ,,, ਸਮੇਂ ਤੋਂ ਬਾਅਦ ਲਗਾਈ ਮਲ੍ਹਮ ਜ਼ਖਮਾਂ ਨੂੰ ਅਰਾਮ ਨਹੀਂ ਦਿੰਦੀ ,,,,

ਅਗਮ,,, ਕੀ ਉਸਨੇ ਤੈਨੂੰ ਕਦੇ ਗਲਤ ਨਹੀਂ ਸਮਝਿਆ ,,,?

ਰਮਜ਼ ਚੁੱਪ ਹੋ ਜਾਂਦੀ ਹੈ ,,ਤੇ ਫਿਰ ਕਹਿੰਦੀ ਹੈ ,,, ਮੇਰੇ ਕੋਲ ਕੋਈ ਜਵਾਬ ਨਹੀਂ,,,,

ਅਗਮ ,,,ਸਮਝ ਗਿਆ ਮੈਂ,,,,

ਕੁਝ ਦੇਰ ਲਈ ਦੋਵੇਂ ਚੁੱਪ ਹੋ ਜਾਂਦੇ ਹਨ,,,,

ਫਿਰ ਅਗਮ ਬੋਲਦਾ ਹੈ ,,,ਰਮਜ਼ ,,,ਤੈਨੂੰ ਪਤਾ ,,, ਸਹਾਰੇ ਬਹੁਤ ਮਾੜੇ ਹੁੰਦੇ ਨੇ ,,,,,ਅਸੀਂ ਕਦੇ ਉਹਨਾਂ ਨੂੰ ਖੋਣਾ ਨਹੀਂ ਚਾਹੁੰਦੇ ,,,, ਖੋ ਵੀ ਜਾਣ,,ਤਾਂ ਟੁੱਟ ਜਾਂਦੇ ਆਂ ,,,,

ਰਮਜ਼ ਭੋਲੀਆਂ ਅੱਖਾਂ ਨਾਲ ਉਸ ਵੱਲ ਦੇਖਦੀ ਕਹਿੰਦੀ ਹੈ ,,,, ਪਰ ਸਹਾਰਿਆਂ ਬਿਨਾਂ ਕੋਈ ਜੀ ਵੀ ਕਿਵੇਂ ਲਵੇ ,,,

ਅਗਮ,,,, ਸਹਾਰੇ ਹੋਣ,,,! ਪਰ ਸਿਰਫ ਦੁੱਖ ਸੁਖ ਦੇ ਸਾਥੀ ,,, ਸਿਰਫ਼ ਉਥੋਂ ਤੱਕ ਜਿੱਥੇ ਖ਼ੁਦ ਦੀ ਸੀਮਾ ਖਤਮ ਹੁੰਦੀ ਹੋਵੇ ,,,, ਡਿੱਗ ਕੇ ਉੱਠਣ ਦੀ ਹਿੰਮਤ ,,,ਆਪਣੇ ਆਪ ਲਈ ਬੋਲਣ ਦੀ ਹਿੰਮਤ ,,,ਖ਼ੁਦ ਲਈ ਚੰਗਾ ਵਾਤਾਵਰਣ ਚੁਣਨ ਦੀ ਹਿੰਮਤ ,,ਖ਼ੁਦ ਦਾ ਧਿਆਨ ਰੱਖਣ ਦੀ ਹਿੰਮਤ ਸਭ ਵਿੱਚ ਹੋਣੀ ਚਾਹੀਦੀ ਏ,, ਜੇ ਇਹਨਾਂ ਚੀਜ਼ਾਂ ਲਈ ਵੀ ਕੋਈ ਇਨਸਾਨ ਸਹਾਰਾ ਭਾਲ਼ ਰਿਹਾ ਏ ਤਾਂ ਸਹਾਰਾ ਜ਼ਹਿਰ ਏ,,,

ਰਮਜ਼,,,, ਹਮ,,,,

ਅਗਮ ਹੱਸ ਕੇ ਕਹਿੰਦਾ ਹੈ ,, ਕੀ ਹੋਇਆ ਬੋਰ ਹੋਗੀ ?

ਰਮਜ਼ ਉਸ ਵੱਲ ਦੇਖਦੀ ਕਹਿੰਦੀ ਹੈ ,,ਨਹੀਂ ,,, ਬਿਲਕੁਲ ਨਹੀਂ,,,,ਬੱਸ ਕੁਝ ਸਮਝਣ ਦੀ ਕੋਸ਼ਿਸ਼ ਕਰ ਰਹੀ ਆਂ,,,

ਅਗਮ ਉਸਦਾ ਸਿਰ ਹੱਥ ਨਾਲ ਆਪਣੇ ਮੋਢੇ ਉੱਤੇ ਰੱਖਦਾ ਕਹਿੰਦਾ ਹੈ ,,, ਚੱਲ ਤੂੰ ਸਮਝ ਮੈਂ ਸੌਂਦਾ ਆ ,,, ਕਹਿ ਅੱਖਾਂ ਬੰਦ ਕਰ ਲੈਂਦਾ ਹੈ।

ਰਮਜ਼ ਹਲਕਾ ਹੱਸਦੀ ਹੈ ਤੇ ਉਸ ਵੱਲ ਵੇਖਦੀ ਰਹਿੰਦੀ ਹੈ ,,,ਅਗਮ ਉਸੇ ਤਰ੍ਹਾਂ ਅੱਖਾਂ ਬੰਦ ਕਰੀ ਕਹਿੰਦਾ ਹੈ ,,, ਬੱਸ ਕਰ,,,,ਤੇਰਾ ਈ ਆਂ,,

ਰਮਜ਼ ਹਲਕਾ ਹੱਸਦੀ ਅੱਖਾਂ ਬੰਦ ਕਰ ਸੌਂ ਜਾਂਦੀ ਹੈ ।

ਸਵੇਰ

ਸਵੇਰ ਦੇ ਪੰਜ ਵੱਜ ਚੁੱਕੇ ਸਨ ,,ਰਮਜ਼ ਘੂਕ ਨੀਂਦ ਸੌਂ ਰਹੀ ਸੀ।ਅਗਮ ਅੱਖਾਂ ਖੋਲ ਇੱਕ ਲੰਬਾ ਸਾਹ ਲੈ ਸਭ ਵੱਲ ਦੇਖਦਾ ਹੈ ,,,,ਕੋਈ ਵੀ ਹਜੇ ਉਠਿਆ ਨਹੀਂ ਸੀ ,,,, ਇੱਕ ਨਜ਼ਰ ਰਮਜ਼ ਵੱਲ ਦੇਖ ,ਓਹ ਆਪਣੀ ਬਾਂਹ ਉਸਤੋਂ ਛੁਡਾ ,,,ਉਸਨੂੰ ਸੀਟ ਦਾ ਸਹਾਰਾ ਦੇ ਕਿਸੇ ਨਿੱਕੇ ਬੱਚੇ ਵਾਂਗ ਪਿਆ ਰਹਿਣ ਦਿੰਦਾ ਹੈ ।

ਓਹ ਪਿਛਲੀ ਸੀਟ ਤੇ ਜਾ ਹੱਥ ਸੈਨੇਟਾਇਜ਼ ਕਰ ਪਾਠ ਕਰਨ ਲੱਗ ਜਾਂਦਾ ਹੈ ,,,,,,ਕੁਝ ਦੇਰ ਬਾਅਦ ਰਮਜ਼ ਦੀ ਅੱਖ ਖੁੱਲਦੀ ਹੈ,,,,,,ਅਗਮ ਨੂੰ ਕੋਲ ਬੈਠਾ ਨਾ ਵੇਖ ਓਹ ਆਲੇ ਦੁਆਲੇ ਨਿਗਾ ਘੁਮਾਉਂਦੀ ਹੈ ,,,,,ਉਸਨੂੰ ਪਿਛਲੀ ਸੀਟ ਤੇ ਬੈਠਾ ਪਾਠ ਕਰਦਾ ਦੇਖ ,ਰਮਜ਼ ਦੇ ਚੇਹਰੇ ਉੱਤੇ ਸਕੂਨ ਦੇ ਭਾਵ ਆ ਜਾਂਦੇ ਹਨ ,,,,ਅਗਮ ਪਾਠ ਪੂਰਾ ਕਰ ਰਮਜ਼ ਵੱਲ ਦੇਖਦਾ ਹੈ ਤੇ ਅੱਖਾਂ ਉੱਤੇ ਚੱਕ ਕੀ  ਦਾ ਇਸ਼ਾਰਾ ਕਰਦਾ ਹੈ ,,,,ਰਮਜ਼ ਕੁਝ ਨਹੀਂ ਵਿੱਚ ਸਿਰ ਹਿਲਾ ਦਿੰਦੀ ਹੈ ,,,ਤੇ ਫੋਨ ਕੱਢ ਪਾਠ ਕਰਨ ਲੱਗ ਜਾਂਦੀ ਹੈ ,,।

ਇੰਨੇ ਨੂੰ ਸਾਰੇ ਉੱਠ ਜਾਂਦੇ ਹਨ ਤੇ ਰਮਜ਼ ਦੇ ਪਾਪਾ ਡਰਾਈਵਰ ਤੋਂ ਕੁਝ ਪੁੱਛਣ ਲੱਗ ਜਾਂਦੇ ਹਨ ,,,,। ਸ਼ਬਦ ਪਿੱਛੇ ਆਉਂਦਾ ਹੋਇਆ ਕਹਿੰਦਾ ਹੈ ,,,ਪਾਪਾ ਅੱਗੇ ਬ੍ਰੇਕਫਾਸਟ ਲਈ ਰੁਕਵਾ ਲਈਏ,,,,, ਪਾਪਾ ਉਸ ਵੱਲ ਦੇਖਦੇ ਕਹਿੰਦੇ ਹਨ ,,ਨਹੀਂ ਬੱਚੇ, ਅਸੀਂ ਦੋ ਘੰਟੇ ਵਿੱਚ ਹੋਟਲ ਪਹੁੰਚ ਜਾਣਾ ਏ,,,, ਉੱਥੇ ਹੀ ਫਰੈਸ਼ ਹੋਕੇ ਕਰ ਲਵਾਂਗੇ ,,,ਸਾਰੇ ਉਹਨਾਂ ਦੀ ਗੱਲ ਨਾਲ ਸਹਿਮਤ ਹੁੰਦੇ ਹਨ ,,,,।

ਰਮਜ਼ ਦੇ ਮੰਮੀ,ਸਾਂਝ ਨੂੰ ਕਹਿੰਦੇ ਹਨ ,,,,,  ਸਫ਼ਰ ਕਾਰਨ ਸ਼ਰੀਰ ਤਾਂ ਇੰਝ ਦੁੱਖ ਰਿਹਾ ਏ, ਕਿ ਇੱਕ ਦਿਨ ਤਾਂ ਥਕਾਵਟ ਉਤਰਨ ਵਿੱਚ ਹੀ ਲੱਗ ਜਾਣਾ ,,,,ਸਾਂਝ ਹਾਮੀ ਭਰਦੀ ਹੋਈ ਕਹਿੰਦੀ ਹੈ ਬਿਲਕੁਲ ਸਹੀ ਕਿਹਾ ਤੁਸੀ ,,,,।

ਸ਼ਬਦ ਉਹਨਾਂ ਦੋਨਾਂ ਵੱਲ ਦੇਖਦਾ ਕਹਿੰਦਾ ਹੈ ,,,,ਨਹੀਂ ਬਿਲਕੁਲ ਨਹੀਂ ,,,, ਯਾਰ ਥੋੜ੍ਹੀ ਦੇਰ ਰੈਸਟ ਕਰਕੇ ਘੁੰਮਾਗੇ ,,, ਸੋਂ ਤਾਂ ਅਸੀਂ ਘਰ ਵੀ ਲੈਂਦੇ ਆ ਇਥੇ ਆਏਆ ਦਾ ਕੀ ਫਾਇਦਾ ਹੋਇਆ ਫੇਰ ,,, ਸਾਂਝ ਨੂੰ ਕਾਲ ਆ ਜਾਂਦੀ ਹੈ ਤੇ ਓਹ ਉੱਠ ਪਿੱਛੇ ਜਾ ਗੱਲ ਕਰਨ ਲੱਗ ਜਾਂਦੀ ਹੈ ,,,, ਰਮਜ਼ ਦੇ ਮੰਮੀ ਸ਼ਬਦ ਨੂੰ ਕਹਿੰਦੇ ਹਨ ,,,ਅਸੀਂ ਤਾਂ ਭਾਈ ਅਰਾਮ ਕਰਨਾ ਆ ਤੁਸੀ ਚਾਰੋ ਘੁੰਮ ਲੈਣਾ ,,,,,,,, ਸ਼ਬਦ ਹਾਂ ਵਿਚ ਸਿਰ ਹਿਲਾ ਬੈਠ ਜਾਂਦਾ ਹੈ ,,,,

ਸਭ ਲਈ ਦੋ ਘੰਟੇ ਕੱਢਣੇ ਔਖੇ ਹੋ ਰਹੇ ਸਨ ,,, ਅਖ਼ੀਰ ਜਿਸਦਾ ਇੰਤਜ਼ਾਰ ਸੀ ਓਹ ਮੰਜ਼ਿਲ ਆ ਹੀ ਜਾਂਦੀ ਹੈ ,,ਸਾਰੇ ਟਰੈਵਲ ਬੱਸ ਤੋਂ ਉਤਰਦੇ ਹਨ,,,ਰਮਜ਼ ਆਲੇ ਦੁਆਲੇ ਵੇਖ ਹੈਰਾਨ ਰਹਿ ਜਾਂਦੀ ਹੈ ,,,,,,ਤੇ ਅਗਮ ਵੱਲ ਦੇਖਦੀ ਹੈ ,,,ਅਗਮ ਉਸਦੇ ਕੰਨ ਵਿੱਚ ਕਹਿੰਦਾ ਹੈ ,,,, ਮੈਂ ਸੁਣਿਆ ਸੀ ਜਿਹੜੀ ਚੀਜ਼ ਜਿੱਥੋਂ ਗਵਾਚਦੀ ਏ, ਮੁੜ ਉਥੋਂ ਈ ਲੱਭਦੀ ਏ,,, ਕੀ ਪਤਾ ਸਾਨੂੰ ਵੀ ਕੁਝ ਲੱਭ ਜਏ,,,,।

ਸ਼ਬਦ ਸਮਾਨ ਚੁੱਕਦਾ ਹੋਇਆ ਕਹਿੰਦਾ ਹੈ,,, ਅੱਛਾ ਪੁਣੇ,,,! ਵਾਹ ਪਾਪਾ ,, ਰਮਜ਼ ਦੇ ਇੰਸਟੀਟਿਊਟ ਕਰਕੇ ਇਹ ਜਗ੍ਹਾ ਹੁਣ ਸਿਰਫ ਇੱਦਾਂ ਲਗਦੀ ਆ ,ਕਿ ਬੱਸ ਇੱਥੇ ਕੋਈ ਬਹੁਤ ਪੜਾਈ,ਸਕੂਲ ਇਹੋ ਜਿਹਾ ਕੁਝ ਹੀ ਆ ,,,,,,

ਸਾਂਝ ਉਸ ਵੱਲ ਦੇਖਦੀ ਕਹਿੰਦੀ ਹੈ ,,, ਸਹੀ ਕਿਹਾ ,,,ਤਾਂਹੀ ਤਾਂ ਇੱਥੇ ਲੈਕੇ ਆਏ ਆਂ ਅਸੀਂ ਸਾਰੇ ,,, ਕਈ ਵਾਰ ਕਿਸੇ ਜਗ੍ਹਾ ਦਾ ਇੱਕ ਹਿੱਸਾ ਦੇਖ ਅਸੀਂ ਉਸ ਪੂਰੀ ਜਗ੍ਹਾ ਦਾ ਮਾਇੰਡ ਮੈਪ ਉਸੇ ਤਰ੍ਹਾਂ ਦਾ ਬਣਾ ਲੈਂਦੇ ਆਂ,,,, ਇਹੀ ਕਾਰਨ ਹੁੰਦਾ ਏ ਕਿ ਸਾਥੋਂ ਕਈ ਬਿਹਤਰੀਨ ਚੀਜ਼ਾਂ ਛੁੱਟ ਜਾਂਦੀਆਂ ਨੇ ,, ਫ਼ਿਰ ਉਹਨਾਂ ਨੂੰ ਲੱਭਣ ਲਈ ਤਾ ਉਮਰ ਭੱਜਦੇ ਰਹਿੰਦੇ ਹਾਂ,,,,, ਇਸ ਗੱਲ ਤੋਂ ਬੇਖ਼ਬਰ,ਕਿ ਸਾਡੇ ਮਨ ਦਾ ਸਕੂਨ ਕੋਸਾਂ ਪਿੱਛੇ ਅਸੀਂ ਖ਼ੁਦ ਸੰਭਾਲ ਰੱਖਿਆ ਹੁੰਦਾ ਏ ,,,ਅਕਸਰ ਜਿਹੜੀ ਚੀਜ਼ ਸਭਤੋਂ ਜ਼ਿਆਦਾ ਦਰਦ ਦਿੰਦੀ ਏ,,,ਅਸੀਂ ਮੁੜ ਦੇਖਣਾ ਵੀ ਨਹੀਂ ਚਾਹੁੰਦੇ,,,ਉਥੇ ਹੀ ਕਿਸੇ ਕੋਨੇ ਵਿਚ ਸਾਡਾ ਸਕੂਨ ਲੁਕ ਬੈਠਿਆ ਹੁੰਦਾ ਏ,,,,,

ਸ਼ਬਦ ਸਾਂਝ ਦੀ ਗੱਲ ਬਹੁਤ ਗੰਭੀਰਤਾ ਨਾਲ਼ ਸੋਚਦਾ ਹੋਇਆ ਰਮਣੀਕ ਵੱਲ ਦੇਖਣ ਲੱਗ ਜਾਂਦਾ ਹੈ ,,,, ਜੋ ਉਸਤੋਂ ਆਪਣਾ ਸਮਾਨ ਫ਼ੜ ਰੂਮ ਵੱਲ ਰੱਖਣ ਲਈ ਚਲੇ ਜਾਂਦੀ ਹੈ ,,,,, ਸਾਂਝ ਉਸਦੀ ਸਥਿਤੀ ਸਮਝਦੀ ਹੋਈ ,,ਉਸਦੇ ਮੋਢੇ ਤੇ ਹੱਥ ਰੱਖ ਕਹਿੰਦੀ ਹੈ ,,,,ਬੇਟਾ ਬਹੁਤ ਵਾਰ ਜ਼ਿੰਦਗੀ ਨਾਸਮਝ ਹੋਕੇ ਮਿਲਦੀ ਏ,,,,, ਪਰ ਉਸ ਨਾਸਮਝੀ ਵਿੱਚ ਚੰਗੇ ਇਹਸਾਸ ਪਰ ਉਸਨੂੰ ਖੂਬਸੂਰਤ ਬਣਾਉਣਾ ਸਾਡੇ ਹੱਥ ਹੁੰਦਾ ਏ,,,, ਰਮਜ਼ ਦੇ ਪਾਪਾ ਸ਼ਬਦ ਵੱਲ ਦੇਖਦੇ ਕਹਿੰਦੇ ਹਨ ,,,ਇਹ ਤਾਂ ਭੈਣੇ ਆਪ ਵਿਚਾਰਾ ਨਾ ਸਮਝ ਆ ,,,,, ਸ਼ਬਦ ਉਹਨਾਂ ਨੂੰ ਖਿਝ ਕੇ ਪਾਪਾ ,,,ਕਹਿੰਦਾ ਚਲੇ ਜਾਂਦਾ ਹੈ ,,,,ਸਾਰੇ ਉਸ ਨੂੰ ਜਾਂਦਾ ਨੂੰ ਵੇਖ ਹੱਸਣ ਲੱਗ ਜਾਂਦੇ ਹਨ ,,,,,

ਅਗਮ ਸਾਂਝ ਤੇ ਰਮਜ਼ ਦਾ ਸਮਾਨ ਓਹਨਾਂ ਦੇ ਕਮਰੇ ਵਿੱਚ ਰੱਖਵਾ ਦਿੰਦਾ ਹੈ,,,,,,ਤੇ ਟਰੈਵਲ ਬੱਸ ਦੇ ਡਰਾਈਵਰ ਨਾਲ਼ ਹਿਸਾਬ ਕਰ ਉਸ ਨੂੰ ਜਾਣ ਦਿੰਦਾ ਹੈ ,,,,,,,ਸਾਰੇ ਕੁਝ ਦੇਰ ਲਈ ਅਰਾਮ ਕਰਨ ਰੁਕ ਜਾਂਦੇ ਹਨ ,,,,ਤੇ ਫਿਰ ਰਮਜ਼ ਦੇ ਪਾਪਾ ਦੀ ਕਾਲ ਉੱਤੇ ਨੀਚੇ ਬ੍ਰੇਕਫਾਸਟ ਕਰਨ ਲੱਗ ਜਾਂਦੇ ਹਨ ,,,,,, ਸ਼ਬਦ ਅਗਮ ਤੋਂ ਪੁੱਛਦਾ ਹੈ ,,,ਫਿਰ ਹੁਣ ਕੀ ਪਲੈਨ ਆ ਘੁੰਮਣ ਦਾ ,,,, ਅਗਮ ਉਸ ਵੱਲ ਦੇਖਦਾ ਕਹਿੰਦਾ ਹੈ ,,ਕੁਝ ਦੇਰ ਅਰਾਮ ਕਰ ,, ਸ਼ਾਮ ਨੂੰ ਵਾਟਰ ਫਾਲ ਦੇਖਣ ਚੱਲਾਂਗੇ, ਨਾਲ਼ੇ ਸ਼ਾਮ ਨੂੰ ਓਹ ਜਿਆਦਾ ਸਕੂਨ ਭਰਿਆ ਹੋਊਗਾ ,,,,ਸਾਰੇ ਉਸਦੀ ਗੱਲ ਨਾਲ਼ ਸਹਿਮਤ ਹੁੰਦੇ ਹੋਏ ,,ਥੱਕੇ ਹਾਰੇ ਆਪਣੇ ਆਪਣੇ ਰੂਮ ਵਿੱਚ ਚਲੇ ਜਾਂਦੇ ਹਨ,,,,,।

ਸ਼ਾਮ ਨੂੰ ਸਾਰੇ ਰੈਸਟ ਕਰ ਵਾਟਰ ਫ਼ਾਲ ਦੇਖਣ ਚਲੇ ਜਾਂਦੇ ਹਨ,,,,, ਮੱਠੀ ਮੱਠੀ ਹਵਾ ਜਿਵੇਂ ਰੂਹ ਨੂੰ ਅਣਮਿਣਿਆ ਸਕੂਨ ਦੇ ਰਹੀ ਸੀ,,,,,,, ਸਾਂਝ ਰਮਜ਼ ਤੇ ਅਗਮ ਇਕੱਠੇ ਬੈਠੇ ਹੁੰਦੇ ਹਨ,,,,,, ਉੱਧਰ ਸ਼ਬਦ ਉੱਤੇ ਸਾਂਝ ਦੀਆਂ ਗੱਲਾਂ ਦਾ ਬਹੁਤ ਅਸਰ ਹੁੰਦਾ ਹੈ ,,,,, ਰਮਣੀਕ ਦਾ ਬੱਚਿਆਂ ਵਾਂਗ ਧਿਆਨ ਰੱਖਣ ਲੱਗ ਜਾਂਦਾ ਹੈ ,,,ਤੇ ਆਪਣੇ ਮੰਮੀ ਪਾਪਾ ਦੀਆਂ ਗੱਲਾਂ ਤੇ ਖਿਝਣ ਦੀ ਜਗ੍ਹਾ ਉਹਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ,,,,,ਉਸਦਾ ਇਹ ਵਰਤਾਅ ਦੇਖ ਸਾਰੇ ਖੁਸ਼ ਤੇ ਹੈਰਾਨ ਹੁੰਦੇ ਹਨ ।

ਰਮਜ਼ ਇੱਕ ਵੱਡੇ ਪੱਥਰ ਤੇ ਪਾਣੀ ਵਿੱਚ ਪੈਰ ਡੁਬੋਈ ਬੈਠੀ ਸੀ,,,, ਸਾਂਝ ਉਸਦੇ ਨਾਲ਼ ,,ਤੇ ਸਾਂਝ ਤੋਂ ਅੱਗੇ ਅਗਮ ਬੈਠਾ ਸੀ ,,,,,,ਰਮਜ਼ ਅੱਖਾਂ ਬੰਦ ਕਰ ਪਾਣੀ ਦੀ ਅਵਾਜ਼ ਸੁਣ ਰਹੀ ਸੀ ,,,,ਉਸਦੇ ਚਿਹਰੇ ਤੇ ਇੱਕ ਅਜੀਬ ਜਿਹਾ ਸਕੂਨ ਸੀ ,,,, ਜਿਵੇਂ ਬਹੁਤ ਥੱਕ ਕੇ ਕਿਸੇ ਮੰਜ਼ਿਲ ਤੇ ਪਹੁੰਚੀ ਹੋਵੇ।

,ਇੰਨੇ ਨੂੰ ਸ਼ਬਦ ਰਮਣੀਕ ਦਾ ਹੱਥ ਫੜੀ ਆਪਣੇ ਮੰਮੀ ਪਾਪਾ ਨਾਲ਼ ਆਉਂਦਾ ਕਹਿੰਦਾ ਹੈ ,,,,ਬੱਸ ਹੁਣ ਕੀ ਪਾਣੀ ਦੇਖੀ ਜਾਣਾ ,,,ਚਲੋ ਕਿਤੇ ਮੋਲ ਚ ਚੱਲਦੇ ਆਂ ,,,ਰਮਜ਼ ਇਕਦਮ ਅੱਖਾਂ ਖੋਲਦੀ ਹੈ ਤੇ ਉਸਦੇ ਮੂੰਹ ਤੇ ਉਦਾਸੀ ਛਾ ਜਾਂਦੀ ਹੈ ,,,,, ਸਾਂਝ ਉਸ ਵੱਲ ਦੇਖਦੀ ਕਹਿੰਦੀ ਹੈ ,,,ਜਿਹੜਾ ਸਕੂਨ ਕੁਦਰਤ ਕੋਲ਼ ਓਹ ਹੋਰ ਕਿੱਥੇ,,,,, ਰਮਜ਼ ਵੀ ਉਥੇ ਰੁਕਣ ਲਈ ਕਹਿਣਾ ਚਾਹੁੰਦੀ ਹੁੰਦੀ ਏ ਪਰ ਚੁੱਪ ਕਰੀ ਉੱਠ ਜਾਂਦੀ ਹੈ ,,,,ਅਗਮ ਅੱਗੇ ਹੋ ਕਹਿੰਦਾ ਹੈ ,,,, ਇੱਦਾਂ ਕਰਦੇ ਆਂ ਅਸੀਂ ਇੱਥੇ ਰੁਕ ਜਾਂਦੇ ,,,ਤੁਸੀ ਘੁੰਮਣਾ ਘੁੰਮ ਆਓ ,,,,ਸਾਂਝ ਉਹਨਾਂ ਨਾਲ਼ ਜਾਣ ਲੱਗਦੀ ਹੈ ਤਾਂ ਰਮਜ਼ ਉਸਦਾ ਹੱਥ ਫੜ ਲੈਂਦੀ ਹੈ ਤੇ ਭੋਲ਼ੇ ਪਨ ਨਾਲ਼ ਕਹਿੰਦੀ ਹੈ ,,,ਮੇਰੇ ਨਾਲ਼ ਸਮਾਂ ਬਿਤਾਉਣਾ ਤੁਹਾਨੂੰ ਚੰਗਾ ਨਹੀਂ ਲਗਦਾ  ਮੰਮਾ!

ਸਾਂਝ ਉਸ ਵੱਲ ਕੁਝ ਦੇਰ ਪਿਆਰ ਨਾਲ਼ ਦੇਖਦੀ ਹੈ ਤੇ ਫਿਰ ਕਹਿੰਦੀ ਹੈ : ਨਹੀਂ ਬੱਚੇ ਮੈਨੂੰ ਲੱਗਾ ਕੁਝ ਦੇਰ ਤੁਸੀ ਦੋਵੇਂ ਸਮਾਂ ਬਿਤਾ ਲਓ,,,,,

ਰਮਜ਼ ਸਭ ਵੱਲ ਦੇਖਦੀ ਕਹਿੰਦੀ ਹੈ ,,,, ਸਾਰੀ ਜ਼ਿੰਦਗੀ ਪਈ ਆ ,,, ਸਮਾਂ ਹੀ ਸਮਾਂ ,,,ਤੇ ਸਾਰੇ ਹੱਸਣ ਲੱਗ ਜਾਂਦੇ ਨੇ ,,,,,

ਸ਼ਬਦ , ਰਮਣੀਕ ਤੇ ਮੰਮੀ ਪਾਪਾ ਮੋਲ ਘੁੰਮਣ ਚਲੇ ਗਏ ,,,,।

ਰਮਜ਼ ਸਾਂਝ ਦਾ ਹੱਥ ਫੜ੍ਹ ਬੈਠ ਜਾਂਦੀ ਹੈ ,,,,ਅਗਮ ਉਹਨਾਂ ਵੱਲ ਵੇਖਦਾ ਸਮਾਇਲ ਕਰਦਾ ਹੈ ,ਤੇ ਕਹਿੰਦਾ ਹੈ ,,,ਮੈ ਕੁਝ ਖਾਣ ਨੂੰ ਲੈਕੇ ਆਉਂਦਾ ਆ,,,,,, ਰਮਜ਼ ਫਿਰ ਤੋਂ ਉਸ ਤਰ੍ਹਾਂ ਬੈਠ ਜਾਂਦੀ ਹੈ ,,,ਸਾਂਝ ਉਸ ਵੱਲ ਵੇਖਦੀ ਉਸਦੇ ਸਿਰ ਤੇ ਹੱਥ ਰੱਖਦੀ ਹੈ ,,, ਬਹੁਤ ਸਕੂਨ ਮਿਲਦਾ ਏ ਨਾ ਕੁਦਰਤ ਵਿੱਚ,,,,, ਰਮਜ਼ ਅੱਖਾਂ ਖੋਲ ਉਸ ਵੱਲ ਦੇਖਦੀ ਕਹਿੰਦੀ ਹੈ ,,, ਹਮ,,,,ਲੱਗਦਾ ਏ ਜਿਵੇਂ ਕੁਝ ਸਦੀਆਂ ਤੋਂ ਵਿਛੜਿਆ ਮਿਲ ਗਿਆ ਹੋਵੇ ,,, ਪਤਾ ਹੁੰਦਾ ਏ ਰੂਹ ਨੂੰ ਕਿ ਓਹ ਸਹੀ ਨੀਂ ,,,ਕੋਈ ਅੰਤ ਨੀ ਉਸ ਚੀਜ਼ ਦਾ ਕੋਈ ਅਸਲੀਅਤ ਨਹੀਂ ,,,ਪਰ ਫਿਰ ਵੀ ਦਿਲ ਐ ਕਿ ਇਹਸਾਸ ਨਹੀਂ ਭੁੱਲਦਾ ,,,,,।

ਸਾਂਝ ਉਸਨੂੰ ਗਲੇ ਲਗਾ ਕਹਿੰਦੀ ਹੈ ,,,,,ਸਮਝ ਸਕਦੀ ਆਂ ,,,,ਪਤਾ ਏ ਪੁੱਤਰ ,,,ਜ਼ਿੰਦਗੀ ਵਿਚ ਬਹੁਤ ਕੁਝ  ਹੁੰਦਾ  ਏ,,,,,ਅਸੀਂ ਕਦੇ ਭੁੱਲ ਨਹੀਂ ਪਾਉਂਦੇ ,,, ਵਕਤ ਦੀ ਇੱਕ ਪਤਲੀ ਜਹੀ ਪੱਟੀ ,,,ਅਕਸਰ ਸਭ ਕੁਝ ਢਕ ਲਿਆ ਕਰਦੀ ਏ ,,,,,,ਪਰ ਕਦੇ ਮਿਟਾਉਂਦੀ ਨਹੀਂ ,,,,,,ਅਸੀਂ ਸਾਰੀ ਉਮਰ ਉਸ ਚੀਸ ਤੋਂ ਭੱਜੀ ਜਾਂਦੇ ਆਂ ,,,ਜਿੰਨਾ ਅਸੀਂ ਭੱਜਦੇ ਆਂ ਓਨੇ ਹੀ ਹੋਰ ਜ਼ਖਮੀ ਹੁੰਦੇ ਜਾਂਦੇ ਆਂ,,,,,,,ਇੱਕ ਪਲ ਬੈਠ ਕੇ ਸੋਚ ਲੈਣਾ ਚਾਹੀਦਾ ਏ,,, ਕਿ ਅੱਗੇ ਕੀ,,,,!

ਰਮਜ਼ ਉਸ ਵੱਲ ਦੇਖਦੀ ਇਕਦਮ ਭਰੀਆਂ ਅੱਖਾਂ ਨਾਲ ਕਹਿੰਦੀ ਹੈ ,,,ਮੈਨੂੰ ਜਿੱਤਣ ਦੀ ਆਦਤ ਪੈ ਗਈ ਸੀ ,,,,, ਆਦਤ ਪਾਈ ਵੀ ,,ਤੇ ਕਿਸਮਤ ਨੇ ਨਿਭਾਈ ਵੀ ,,,,,,, ਫ਼ਿਰ ਪਾਣੀ ਵੱਲ ਦੇਖਦੀ ਕਹਿੰਦੀ ਹੈ ,,,,ਇੱਕ ਪਲ ਅਜਿਹਾ ਸੀ ,, ਕਿ ਮੈਨੂੰ ਆਪਣੇ ਆਪ ਤੇ ਜਿੱਤ ਵਿੱਚੋਂ ਕੋਈ ਇੱਕ ਚੁਣਨਾ ਪਿਆ ,,,ਤੇ ਮੈਂ ਜਿੱਤ ਨੂੰ ਚੁਣਿਆ ,,,,ਉਸ ਸਮੇਂ ਜਿੱਤ ਤਾਂ ਗਈ ਸੀ ,,,, ਪਰ ਮੇਰੇ ਅੰਦਰ ਕੁਝ ਹਰਦਾ ਜਾ ਰਿਹਾ ਸੀ ,,,, ਫਿਰ ਇਕਦਮ ਹੰਝੂ ਸਾਫ ਕਰ ਇਕਦਮ ਹੱਸਦੀ ਕਹਿੰਦੀ ਹੈ ,,, ਪਰ ਮੈ ਰੱਬ ਦਾ ਓਹ ਪਿਆਰਾ ਬੱਚਾ ਆਂ ,,,, ਜੀਹਨੇ ਜੋ ਚਾਹਿਆ ਓਹ ਮਿਲਿਆ ,,,,, ਮੈਂ ਜਿੱਤ ਨੂੰ ਹਾਰਨ ਨੀਂ ਦਿੱਤਾ ,,,ਤੇ ਰੱਬ ਨੇ ਮੈਨੂੰ ,,,,, ਦੋਵੇਂ ਇੱਕ ਦੂਜੇ ਵੱਲ ਦੇਖਦੇ ਹਨ,,,,,

ਰਮਜ਼ ਉਸਦੇ ਮੋਢੇ ਤੇ ਸਿਰ ਰੱਖ ਬੈਠ ਜਾਂਦੀ ਹੈ ,,,,ਇੰਨੇ ਨੂੰ ਅਗਮ ਆਉਂਦਾ ਹੈ ,,,,ਤੇ ਬਰਗਰ ਉਹਨਾਂ ਦੋਵਾਂ ਨੂੰ ਦੇ ਦਿੰਦਾ ਹੈ ,ਕਹਿੰਦਾ ਹੈ ,, ਸੋਰੀ ਥੋੜਾ ਲੇਟ ਹੋਗਿਆ ,,,,,।

,ਰਮਜ਼ ਤੇ ਸਾਂਝ ਉਸ ਨਾਲ ਉਥੋਂ ਉੱਠ ਸਾਈਡ ਤੇ ਲੱਗੇ ਬੈਂਚ ਉੱਤੇ ਜਾਂਦੀਆਂ ਹੱਸਦੀਆਂ ਕਹਿੰਦੀਆਂ ਨੇ ,,,ਆਦਤ ਆ,,,,,ਅਗਮ ਇੱਕ ਬੁੱਕ ਖੋਲਦਾ ਹੈ ਤਾਂ ਰਮਜ਼ ਉਸਨੂੰ ਪੁੱਛਦੀ ਹੈ ,,ਵਾਹ ਲਵ ਸਟੋਰੀ ,,,, ਅਗਮ ਉਸ ਵੱਲ ਦੇਖ ਹੱਸਦਾ ਕਹਿੰਦਾ ਹੈ ,,,, ਤੇਰਾ ਓਬਸੈਸ਼ਨ ਗਿਆ ਨੀ ਸਟੋਰੀਸ ਨਾਲ ,,,,, ਰਮਜ਼ ਉਸਤੋਂ ਬੁੱਕ ਫ਼ੜ ਆਖਰੀ ਪੰਨਾ ਖੋਲ ਪੜਦੀ ਕਹਿੰਦੀ ਹੈ ,,, ਤੇ ਤੇਰਾ ਸੈਡ ਸਟੋਰੀਜ਼ ਨਾਲ ,,,,ਅਗਮ ਉਸ ਵੱਲ ਦੇਖਦਾ ਕਹਿੰਦਾ ਹੈ ,,,ਇੱਕ ਵਾਰ ਪੜ ਤਾਂ ਸਹੀ ,,,,,ਸਾਂਝ ਉਹਨਾਂ ਵੱਲ ਦੇਖ ਹੱਸਦੀ ਰਹਿੰਦੀ ਹੈ ,,,,ਰਮਜ਼ ਉਸ ਵੱਲ ਦੇਖਦੀ ਕਹਿੰਦੀ ਹੈ ,,,ਮੈਨੂੰ ਸੈਡ ਐਂਡੀਗਜ਼ ਪਸੰਦ ਨੀਂ ,,,,,

ਅਗਮ ਉਸ ਵੱਲ ਦੇਖ ਹੱਸਦਾ ਹੈ ਤੇ ਆਪਣੀ ਜੇਬ ਵਿੱਚੋਂ ਫੋਨ ਕੱਢ ਉਸਨੂੰ ਦਿੰਦਾ ਹੈ ,,,, ਰਮਜ਼ ਸਵਾਲੀਆ ਨਜ਼ਰਾਂ ਨਾਲ਼ ਉਸ ਵੱਲ ਦੇਖਦੀ ਹੈ ,,,,,,,ਸਾਂਝ ਅਗਮ ਦਾ ਹੱਥ ਫੜ ਰਮਜ਼ ਵੱਲ ਖੁਸ਼ੀ ਭਰੀਆਂ ਨਜ਼ਰਾਂ ਨਾਲ ਦੇਖਦੀ ਹੈ ਤੇ ਰਮਜ਼ ਨੂੰ ਸਾਇਡ ਜਾਣ ਲਈ ਕਹਿੰਦੀ ਹੈ ,,,ਰਮਜ਼ ਕੁਝ ਨਾ ਸਮਝਦੀ ਹੋਈ ਸਾਇਡ ਜਾ ਫੋਨ ਵੱਲ ਦੇਖਦੀ ਰਹਿੰਦੀ  ਹੈ ,,,,,, ਇਕਦਮ ਆਈ ਨੋਟੀਫਿਕੇਸ਼ਨ ਤੋਂ ਰਮਜ਼ ਦੇ ਚੇਹਰੇ ਤੇ ਇੱਕ ਅਜੀਬ ਜਿਹਾ ਜੇਹਾ ਭਾਵ ਆ ਜਾਂਦਾ ਹੈ ,,,,,ਸਾਹਮਣੇ ਤੋਂ ਇੱਕ ਇਨਸਾਨ ਆਉਂਦਾ ਹੈ ਤੇ ,,, ਰਮਜ਼ ਉਸ ਵੱਲ ਦੇਖਦੀ ਹੈ ,,,,,ਓਹ ਰਮਜ਼ ਵੱਲ ਦੇਖਦਾ ਕਹਿੰਦਾ ਹੈ ,,,ਹਾਂਜੀ ,,,ਭੁੱਲਗੇ ਮੈਨੂੰ ,,,,,

ਰਮਜ਼ ਉਸ ਵੱਲ ਦੇਖਦੀ ਹੈ ਤੇ ਫਿਰ ਪਿੱਛੇ ਮੁੜ ਅਗਮ ਵੱਲ ਦੇਖਦੀ ਹੈ ,,,,,,ਅਗਮ ਸਾਂਝ ਦਾ ਹੱਥ ਫੜ ਉਥੋਂ ਜਾ ਰਿਹਾ ਹੁੰਦਾ ਹੈ ,,ਸਾਂਝ ਉਸਨੂੰ ਕੁਝ ਸਮਝਾਉਣ ਦੀ ਕੋਸ਼ਿਸ਼ ਕਰ ਰਹੀ ਸੀ ਪਰ ਓਹ ਸੁਣ ਨਹੀਂ ਸੀ ਰਿਹਾ ,,,,ਰਮਜ਼ ਉਸ ਮੁੰਡੇ ਵੱਲ ਦੇਖ ਉਸਦੇ ਹੱਥ ਫੋਨ ਫੜਾ ਜਲਦੀ ਨਾਲ਼ ਉਸਨੂੰ ਕਹਿੰਦੀ ਹੈ ,,ਇੱਕ ਮਿੰਟ,,,,,ਤੇ ਅਗਮ ਨੂੰ ਅਵਾਜ਼ ਦਿੰਦੀ ਹੈ ,,, ਓਏ,,,!!

ਅਗਮ ਪਿੱਛੇ ਮੁੜ ਦੇਖਦਾ ਹੈ ਤਾਂ ਰਮਜ਼ ਉਸ ਵੱਲ ਗ਼ੁੱਸੇ ਨਾਲ਼ ਦੇਖ ਰਹੀ ਸੀ ,,,ਉਸ ਵੱਲ ਭੱਜਕੇ ਆ ਉਸਦਾ ਤੇ ਸਾਂਝ ਦਾ ਹੱਥ ਫੜ ਉਹਨਾਂ ਨੂੰ ਉਸ ਮੁੰਡੇ ਕੋਲ਼ ਲੈ ਆਉਂਦੀ ਹੈ ,,,,,,,ਉਹ ਮੁੰਡਾ ਉਹਨਾਂ ਤਿੰਨਾਂ ਵੱਲ ਦੇਖਦਾ ਹੱਸਦਾ ਰਹਿੰਦਾ ਹੈ ,,,,ਅਗਮ ਸਾਂਝ ਵੱਲ ਵੇਖ ਫੇਰ ਰਮਜ਼ ਨੂੰ ਦੇਖਦਾ ਕਹਿੰਦਾ ਹੈ ,,,, ਕੀ ਹੋਇਆ ,,,,,,

ਰਮਜ਼ : ਇਹ ਕੌਣ ਆ ..

ਅਗਮ ,,,ਤੇਰਾ ਦੋਸਤ ਕਮ ਮੁਹੱਬਤ ,,,,,,ਰਮਜ਼ ਸਿਰ ਫੜ ਬੈਠ ਜਾਂਦੀ ਹੈ ,,,,

ਓਹ ਮੁੰਡਾ ਦੇਖ ਹੱਸਦਾ ਰਹਿੰਦਾ ਹੈ ,,,

ਰਮਜ਼ ਗ਼ੁੱਸੇ ਨਾਲ ਉਸ ਵੱਲ ਦੇਖਦੀ ਕਹਿੰਦੀ ਹੈ ,,,,, ਜਾਨ ,ਤੇਰੇ ਜੇਹਾ ਦੋਸਤ ਹੋਵੇ ਬੰਦੇ ਨੂੰ ਦੁਸ਼ਮਣਾ ਦੀ ਲੋੜ ਨਾ ਪਵੇ ,,,

ਦਿਲਜਾਨ  ਤਿੰਨਾਂ ਵੱਲ ਦੇਖਦਾ ,,ਅਗਮ ਨੂੰ ਮੋਢਿਆਂ ਤੋਂ ਫੜ ਕਹਿੰਦਾ ਹੈ ,,,,ਸਾਡੇ ਵੀਰੇ ਨੇ ਬਹੁਤ ਸੀਰੀਅਸ ਹੋਕੇ  ਮੈਨੂੰ ਫੋਨ ਕੀਤਾ ਸੀ ,,ਮੈਂ ਕਿਹਾ ਮੈ ਵੀ ਥੋੜਾ ਹੋ ਹੀ ਜਾਵਾਂ ਸੀਰੀਅਸ,,,,,,

ਰਮਜ਼ ਅਗਮ ਵੱਲ ਹੈਰਾਨੀ ਨਾਲ ਦੇਖਦੀ ਹੈ ,,,ਤੇ ਕੁਝ ਹੀ ਪਲਾਂ ਵਿੱਚ ਸਮਝ ਜਾਂਦੀ ਹੈ ,,, ਓ ਗੋਡ,,,,,ਅਗਮ ਤੂੰ ਡਾਇਰੀ ਪੜੀ ਸੀ ??

ਦਿਲਜਾਨ ਹੱਸਦਾ ਹੈ ਤੇ ਜਵਾਬ ਦਿੰਦਾ ਹੈ ,, ਜੀ ਹਾਂ,,,,ਤੇ ਸਾਂਝ ਨੂੰ ਲੈਕੇ ਜਾਂਦਾ ਹੋਇਆ ਕਹਿੰਦਾ ਹੈ ,,,,ਕਰੋ ਗੱਲ ਆਪਸ ਵਿਚ ,,,

ਅਗਮ ਰਮਜ਼ ਵੱਲ ਅਣਭੋਲ ਅੱਖਾਂ ਨਾਲ ਦੇਖਦਾ ਕਹਿੰਦਾ ਹੈ ,,,,, ਕੀ ਹੋਇਆ ,,,,

ਰਮਜ਼ ਗ਼ੁੱਸੇ ਨਾਲ ਉਸ ਵੱਲ ਦੇਖਦੀ ਕਹਿੰਦੀ ਹੈ ,,,,, ਅੱਛਾ,,,! ਤੂੰ ਪੁੱਛ ਰਿਹਾ ਏਂ ਕੀ ਹੋਇਆ ??

ਅਗਮ ਚੁੱਪ ਚਾਪ ਉਸ ਵੱਲ ਦੇਖਦਾ ਰਹਿੰਦਾ ਹੈ ,,,

ਰਮਜ਼: ਤੂੰ ਮੈਨੂੰ ਇੱਕ ਵਾਰ ਵੀ ਪੁੱਛਿਆ ,, ਆਇਆ ਵੱਡਾ ਮੈਚ ਮੇਕਰ,,,ਤੈਨੂੰ ਪਤਾ ਵੀ ਆ ਮੈਂ ਕਿਸ ਵਾਰੇ ਲਿਖਿਆ ਜਾਂ ਕਿਸ ਦੀ ਗੱਲ ਕਰ ਰਹੀ ਸੀ ,,,,

ਅਗਮ ਉਸ ਵੱਲ ਦੇਖਦਾ ਰਹਿੰਦਾ ਹੈ,,,,,

ਰਮਜ਼,,, ਡੋਂਟ ਟੈਲ ਮੀ ,,ਤੈਨੂੰ ਯਾਦ ਨੀਂ ਤੂੰ ਮੈਨੂੰ ਪ੍ਰਪੋਜ਼ ਕੀਤਾ ਸੀ ,,,,,

ਅਗਮ ਉਸ ਵੱਲ ਦੇਖਦਾ ,,,,ਹੈਰਾਨ ਹੋ ਸੋਚਣ ਲੱਗ ਜਾਂਦਾ ਹੈ ,,,,

## ਫਲੈਸ਼ ਬੈਕ

ਰਮਜ਼ ਟ੍ਰੇਨਿੰਗ ਇੰਸਟੀਟਿਊਟ ਦੇ ਸੈਮੀਨਾਰ ਹਾਲ ਵਿੱਚੋਂ ਸਮਾਨ ਚੁੱਕ ਬਾਹਰ ਜਾਣ ਲੱਗਦੀ ਸੀ ਕਿ ਉਸਦੇ ਫੋਨ ਤੇ ਇੱਕ ਮੈਸਜ ਆਉਂਦਾ ਹੈ ,,,,।

ਰਮਜ਼ ਫੋਨ ਵੱਲ ਦੇਖ ਬਾਹਰ ਜਾਣ ਲੱਗਦੀ ਹੈ ਕਿ ਫਿਰ ਮੈਸਜ ਫਲੈਸ਼ ਹੋ ਰਿਹਾ ਸੀ ।

ਅਗਮ : "ਸੋਰੀ,,,, ਮੈਨੂੰ ਪਤਾ ਆ ਅਸੀਂ ਦੋਸਤ ਆ ਪਰ, ਯਾਰ ਮੈਨੂੰ ਤੇਰੇ ਲਈ ਦੋਸਤ ਤੋਂ ਵੱਧ ਫੀਲਿੰਗਜ਼ ਨੇ ,ਮੈਨੂੰ ਨਹੀਂ ਪਤਾ ਤੂੰ ਮੇਰੇ ਵਾਰੇ ਕੀ ਸੋਚੇਂਗੀ,,, ਪਰ ਹਾਂ ਮੈਂ ਕਹਿ ਦਿੱਤਾ ਹੁਣ ਸਭ ਤੇਰੇ ਉੱਤੇ ਏ" ,,,

ਰਮਜ਼ ਜ਼ਜ਼ਬਾਤੀ ਹੋ ਓਹ ਮੈਸਜ ਪੜ ਹੀ ਰਹੀ ਹੁੰਦੀ ਹੈ , ਕਿ ਕਾਲ ਆਉਂਦੀ ਹੈ ।

" ਹਾਂਜੀ ਪੁੱਤਰ , ਹੋ ਗਈ ਛੁੱਟੀ ,,,,ਮੈਂ ਇੱਧਰ ਆਏਆ ਹੋਇਆ ਸੀ , ਸ਼ਬਦ ਨੇ ਦੱਸਿਆ ਤੂੰ ਅੱਜ ਉਸ ਨਾਲ਼ ਚਲ ਗਈ ਸੀ ,,ਮੈਂ ਸੋਚਿਆ ਤੈਨੂੰ ਫ਼ੋਨ ਕਰਲਵਾਂ ਇਕੱਠੇ ਈ ਚੱਲਦੇ ਆਂ ,,,,,," ਰਮਜ਼ ਦੇ ਫੋਨ ਚੁੱਕਦੇ ਸਾਰ ਪਾਪਾ ਅੱਗੋ ਬੋਲਦੇ ਹਨ । " ਜੀ ਹੋ ਗਈ,,,ਆ ਰਹੀ ਆਂ,," ਰਮਜ਼ ਫੋਨ ਕੱਟਦੀ ਹੋਈ ਕਹਿੰਦੀ ਹੈ ।

ਪਾਪਾ ਬਾਹਰ ਹੀ ਖੜੇ ਸੀ, ਰਮਜ਼ ਗੱਡੀ ਵੱਲ ਦੇਖ ,,ਬਿਨਾਂ ਕੁਝ ਬੋਲੇ ਨਾਲ਼ ਜਾ ਬੈਠ ਜਾਂਦੀ ਹੈ ।

"ਕੁਝ ਖਾਣਾ ਤਾਂ ਨਹੀਂ ਪੁੱਤ " ਰਮਜ਼ ਨੂੰ ਚੁੱਪ ਚਾਪ ਦੇਖ ਪਾਪਾ ਗੱਡੀ ਚਲਾਉਂਦੇ ਹੋਏ ਪੁੱਛਦੇ ਹਨ।

"    ਨਹੀਂ ਪਾਪਾ ਭੁੱਖ ਨਹੀਂ ਮੈਂ ਖਾ ਲਿਆ ਸੀ "

ਰਮਜ਼ ਜਵਾਬ ਦਿੰਦੀ ਹੈ,,।

ਫਿਰ ਇਕਦਮ ਉਤਸੁਕ ਹੋ ਪੁੱਛਦੀ ਹੈ ,,,",ਤੁਸੀ ਕਿਵੇਂ ਅੱਜ ਇੱਧਰ ਵਾਲ਼ੀ ਸਾਈਡ ਕੋਈ ਕੰਮ ਸੀ ,,,ਤੁਹਾਡੀ ਦਵਾਈ ਤਾਂ ਨਹੀਂ ਖਤਮ ਹੋਈ ,,, ਇਸ ਵਾਰ ਲੈਣ ਤੋਂ ਪਹਿਲਾਂ ਚੈੱਕ ਕਰਵਾਉਣਾ ਸੀ,,ਇੱਕ ਤਾਂ ਤੁਸੀ ਮੰਨਦੇ ਨਹੀਂ ਓ ਪਾਪਾ "

" ਓਹੋ,,,!  ਆਪ ਹੀ ਬੋਲੀ ਜਾਂਦੀ ਏਂ, ਮੈਨੂੰ ਤਾਂ ਬੋਲਣ ਦੇ " ਪਾਪਾ ਹੱਸਦੇ ਹੋਏ ਕਹਿੰਦੇ ਹਨ ।

" ਅੱਛਾ ਬੋਲੋ "ਰਮਜ਼

ਪਾਪਾ ਵੱਲ ਦੇਖਦੀ ਕਹਿੰਦੀ ਹੈ ।

" ਤੈਨੂੰ ਯਾਦ ਆ ਜੋਗਿੰਦਰ ਅੰਕਲ " ਪਾਪਾ ਰਮਜ਼ ਵੱਲ ਦੇਖਦੇ ਕਾਰ ਚਲਾਉਂਦੇ ਕਹਿੰਦੇ ਹਨ ।

"ਹਾਂਜੀ " ਰਮਜ਼ ਸੀਰੀਅਸ ਹੋ ਕਹਿੰਦੀ ਹੈ ।" ਉਹ ਬਹੁਤ ਉਦਾਸ ਸੀ ,,, ਮੈਨੂੰ ਬੁਲਾ ਰਿਹਾ ਸੀ ,,ਮੈਂ ਗਿਆ ਤਾਂ ਕਹਿਣ ਲੱਗਾ ਕਿ ਓਹਦੀ ਕੁੜੀ ਸ਼ਿਵਾਲੀ ਕਿਸੇ ਗਲਤ ਮੁੰਡੇ ਨਾਲ਼ ਸੰਪਰਕ ਵਿੱਚ ਸੀ ,, ਓਹ ਮੁੰਡਾ ਉਸਨੂੰ ਛੱਡ ਗਿਆ ,ਤਾਂ ਉਸਨੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ,,,ਅੱਜ ਹੀ ਹਸਪਤਾਲ ਤੋਂ ਛੁੱਟੀ ਹੋਈ ਏ" ਫਿਰ ਰਮਜ਼ ਵੱਲ ਦੇਖਦੇ ਕਹਿੰਦੇ ਹਨ,, ਮਤਲਬ,,,ਰਮਜ਼ ਗੱਲ ਕੱਟਦੀ ਹੋਈ ਕਹਿੰਦੀ ਹੈ,,, ਹਾਂਜੀ ,ਮੈਂ ਸਮਝ ਗਈ ,,,ਪਾਪਾ ਉਸ ਵੱਲ ਦੇਖਦੇ ਕਹਿੰਦੇ ਹਨ,,ਬੱਚੇ ,,ਜ਼ਿੰਦਗੀ ਵਿੱਚ ਬਹੁਤ ਫੈਂਸਲੇ ਕਰਨੇ ਹੁੰਦੇ ਨੇ ,,, ਹਾਂ ਗਲਤੀਆਂ ਹੁੰਦੀਆਂ ਨੇ ,,ਪਰ ਤੂੰ ਯਾਦ ਰੱਖੀਂ ,,,ਮੈ ਹਮੇਸ਼ਾ ਤੇਰੇ ਨਾਲ਼ ਆਂ,,,,!

ਚੱਲ ਤੈਨੂੰ ਆਈਸ ਕਰੀਮ ਲੈਕੇ ਦਵਾਂ,,ਹੁਣ ਸੋਚੀਂ ਨਾ ਇਸ ਗੱਲ ਵਾਰੇ ,,,ਗਲਤੀਆਂ ਸਭਤੋਂ ਹੁੰਦੀਆਂ ਨੇ ,,ਚੰਗੀ ਗੱਲ ਆ ਬਚੀ ਦੀ ਜ਼ਿੰਦਗੀ ਬਚ ਗਈ,,,,, ਜੋਗਿੰਦਰ ਤਾਂ ਬਹੁਤ ਖੁਸ਼ ਸੀ ਉਸਨੂੰ ਘਰ ਲਿਆ ਕੇ ਇੱਕ ਮਿੰਟ ਲਈ ਉਸ ਕੋਲੋ ਉੱਠ ਨਹੀਂ ਸੀ ਰਿਗਾ ,,! ਗੱਡੀ ਰੋਕਦੇ ਹੋਏ ਪਾਪਾ ਆਈਸ ਕਰੀਮ ਲੈਣ ਸਾਹਮਣੇ ਚਲੇ ਜਾਂਦੇ ਹਨ,,,, ਰਮਜ਼ ਸਾਈਡ ਤੇ ਵੇਖਦੀ ਹੈ ਤਾਂ ਅਗਮ ਕਿਸੇ ਕੁੜੀ ਨਾਲ਼ ਖੜਾ ਹੁੰਦਾ ਹੈ , ਸਾਰਾ ਵਾਕਿਆ ਧਿਆਨ ਨਾਲ ਸੋਚ ,,ਓਹ ਓਸਨੂੰ ਬਲੋਕ ਕਰ ਦਿੰਦੀ ਹੈ ।

**ਬੈਕ ਟੂ ਪ੍ਰੈਜ਼ੈਂਟ**

ਅਗਮ ,,,ਉਸ ਵੱਲ ਹੈਰਾਨੀ ਨਾਲ ਦੇਖਦਾ ਕਹਿੰਦਾ ਹੈ ,,,,ਮਤਲਬ,,,,ਤੈਨੂੰ ਪਤਾ ਸੀ ਓਹ ਮੈਂ ਸੀ,,,,,,

ਰਮਜ਼,,, ਨਹੀਂ! ਮੈਂ ਤਾਂ ਬੇਵਕੂਫ਼ ਆ ,,,ਮੈਨੂੰ ਕਿਹੜਾ ਤੇਰੀ ਅਵਾਜ਼ ਦੀ ਪਹਿਚਾਣ ਆ,,,,,,ਪਹਿਲਾਂ ਖ਼ੁਦ ਇਵੇਂ ਕਰੋ ,,,,ਫੇਰ ਰਿਸ਼ਤਾ ਭੇਜੋ ,,,ਫੇਰ ਆਪੇ ਆਪਣੇ ਕੋਲੋਂ ਮੇਰੇ ਈ ਦੋਸਤ ਨੂੰ ਲੈਕੇ ਮੇਰੇ ਸਾਹਮਣੇ ਖੜਾ ਕਰਦੋ,,,,,,,,

ਅਗਮ ,,,ਪਰ ਜੇ ਤੈਨੂੰ ਮੇਰੇ ਨਾਲ਼ ਇੰਨੀਂ ਅਟੈਚਮੈਂਟ ਸੀ ,,, ਤੂੰ ਮੈਨੂੰ ਉਸ ਟਾਇਮ ਕਿਉ ਨੀ ਕਿਹਾ,,,,,, ਉਹ ਤਾਂ ਸ਼ਸ਼ੀ ਮਾਸੀ ਦੀ ਕੁੜੀ ਸੀ ,, ਕਾਫ਼ੀ ਟਾਇਮ ਬਾਅਦ ਆਈ ਸੀ ,, ਵਿਆਹ ਤੇ ਵੀ ਆਏਗੀ,,

ਰਮਜ਼ : ਸੀਰੀਅਸਲੀ?? ਇੰਨਾ ਅਸਾਨ ਸੀ ਮੇਰੇ ਲਈ ,,,,,, ਤੂੰ ਮੈਨੂੰ ਦੱਸ ,,,,ਤੂੰ ਮੈਨੂੰ ਇੱਕ ਵਾਰ ਵੀ ਕੁਝ ਵੀ ਸਟੈਪ ਚੁੱਕਣ ਤੋਂ ਪਹਿਲਾਂ ਪੁੱਛਿਆ ,,,,ਅਗਮ ਕੁਝ ਬੋਲਣ ਲੱਗਦਾ ਹੈ ਤਾਂ, ਉਹ ਟੋਕਦੀ ਕਹਿੰਦੀ ਹੈ ,,,ਚੱਜ ਨਾਲ ਪੁੱਛਿਆ ??

ਅਗਮ ਨੀਵੀਂ ਪਾਈ ਖੜਾ ਰਹਿੰਦਾ ਹੈ ,,,, ਮਤਲਬ ਤੂੰ ਜਾਨ ਓਹਨੂੰ ਤਾਂ ਕਹਿ ਰਹੀ ਸੀ ,,,,ਰਮਜ਼ ਉਸ ਵੱਲ ਦੇਖਦੀ ਕਹਿੰਦੀ ਹੈ ,, ਓਬਵੀਅਸਲੀ,,,,ਓਹਦਾ ਨਾਮ ਆ ਜਾਨ,,, ਦਿਲਜਾਨ,,,, ਫ੍ਰੈਂਡ ਆ ਮੇਰਾ ,,ਹੁਣ ਦੋਸਤ ਦਾ ਮਤਲਬ ਤਾਂ ਪਤਾ ਆ ਨਾ ,,,,,ਅਸਲ ਚ ਨਾ ਸਭ ਦੀ ਦਿੱਕਤ ਈ ਇਹੀ ਆ ,,ਕਿਸੇ ਕੁੜੀ ਮੁੰਡੇ ਨੂੰ ਦੇਖੋ ,,,,ਲੱਗ ਜਾਂਦੇ ਆ ਆਪਣੇ ਈ ਖਿਆਲੀ ਪੁਲਾਵ ਬਣਾਉਣ ,,,,ਅਗਲੇ ਭਾਂਵੇ ਦੋਸਤ ਹੋਣ ,, ਪਰ ਤੁਸੀ ਸਾਰੇ ,,ਆਪਣੀ ਦੁਨੀਆਂ ਚ ਉਹਨਾਂ ਦਾ ਵਿਆਹ ਵੀ ਕਰਵਾ ਚੁੱਕੇ ਹੁੰਦੇ ਹੋ ,,,,,,,,

ਅਗਮ,,,ਪਰ ,,,,ਰਮਜ਼ ਗ਼ੁੱਸੇ ਨਾਲ ਬੋਲਦੀ ਹੈ ,, ਕੀ ਪਰ??

ਤੈਨੂੰ ਇੱਕ ਵਾਰ ਵੀ ਓਹ ਸਭ ਪੜ ਕੇ ਆਪਣਾ ਖਿਆਲ ਨੀ ਆਇਆ ,,,,,

ਮੈਂ ਤੇਰੀ ਵੇਟ ਕੀਤੀ ,,,,ਮੈਂ ਤੈਨੂੰ ਬੋਲਕੇ ਤਾਂ ਨਹੀਂ ਸੀ ਨਾ ਦੱਸ ਸਕਦੀ ,,,,,,,, ਅਗਮ ਸ਼ਾਂਤ ਹੁੰਦਾ ਕਹਿੰਦਾ ਹੈ ,,, ਕਿਉਂ,,,,,,,

ਰਮਜ਼ ਖਿਝ ਕੇ ਗ਼ੁੱਸੇ ਵਿਚ ਕਹਿੰਦੀ ਹੈ ,,ਪਤਾ ਨੀ ,,,

ਅਗਮ ਹੱਸਦਾ ਹੋਇਆ ,,,ਗੋਡਿਆਂ ਤੇ ਬੈਠ ਉਸਨੂੰ ਸੋਰੀ ਕਹਿੰਦਾ ਹੈ ਤੇ ,, ਰਮਜ਼ ਦਿਲਜਾਨ ਨੂੰ ਅਵਾਜ਼ ਮਾਰ ਕਹਿੰਦੀ ਹੈ ,,,, ਜਾਨ ਇੱਥੇ ਆ ,,,, ਜਾਨ,,ਤੇ ਸਾਂਝ ਹੱਸਦੇ ਹੋਏ ਉਥੇ ਆ ਜਾਂਦੇ ਹਨ,,,

ਅਗਮ ਸਾਂਝ ਵੱਲ ਦੇਖਦਾ ਕਹਿੰਦਾ ਹੈ ,,,ਤੁਹਾਨੂੰ ਇਹ ਸਭ ਪਤਾ ਸੀ,,,,,

ਸਾਂਝ  ਉਸ ਵੱਲ ਦੇਖਦੀ ਕਹਿੰਦੀ ਹੈ,,, ਤੂੰ ਸੁਣਦਾ ਆ ਕਿਸੇ ਦੀ ? ਵੱਡਾ ਸੱਚਵਰਤੀ,,,

ਰਮਜ਼ ਤੇ ਦਿਲਜਾਨ ਦਾ ਹਾਸਾ ਨਿਕਲ ਜਾਂਦਾ ਹੈ ,,, ਜਾਨ ਅਗਮ ਵੱਲ ਦੇਖਦਾ ਕਹਿੰਦਾ ਹੈ ,,,ਤੈਨੂੰ ਕੀ ਲੱਗਦਾ  ਓਹ ਡਾਇਰੀ ਤੇ ਮੈਸਜ ਤੂੰ ਖ਼ੁਦ ਪੜੇ ਸੀ ,,ਤੇ ਇਥੇ ਆਉਣ ਦਾ ਪਲੈਨ ਤੇਰਾ ਸੀ ,, ਫਿਰ ਹੱਸਦਾ ਹੋਇਆ ਕਹਿੰਦਾ ਹੈ ,,,ਇੱਕ ਬਹੁਤ ਸੱਚ ਦਾ ਦੇਵਤਾ ਬਣ ਮੇਰੀ ਈ ਜੋੜੀ ਇਸ ਆਫ਼ਤ ਨਾਲ਼ ਬਣਾਉਣ ਨੂੰ ਫਿਰਦਾ ਸੀ ਤੇ ਇੱਕ ਬਿਨਾਂ ਗੱਲੋਂ ਡਰਕੇ ਬਲੋਕ ਕਰ ਇੰਨੇ ਸਾਲ ਦੇਵਦਾਸ ਬਣੀ ਫ਼ਿਰਦੀ ਰਹੀ ,, ਯੁੱਗ ਨੂੰ ਯੁੱਗ ਟੱਕਰ ਗਿਆ ,,, ਸਾਂਝ ਤੇ ਜਾਨ ਤਾੜੀ ਮਾਰ ਹੱਸਦੇ ਹਨ।

ਅਗਮ ਉਲਝਿਆ ਹੋਇਆ ਸਭ ਵੱਲ ਦੇਖਦਾ ਮੂੰਹ ਬਣਾ ਖੜਾ ਰਹਿੰਦਾ ਹੈ ,,,ਰਮਜ਼ ਜਾਨ ਨੂੰ ਗ਼ੁੱਸੇ ਨਾਲ਼ ਦੇਖ ਸਾਈਡ ਕਰਦੀ ,, ਅਗਮ ਦੇ ਸਾਹਮਣੇ ਆ ,,,ਇੱਕ ਗੁਲਾਬ ਹੱਥ ਵਿੱਚ ਫੜ ਗੋਡਿਆਂ ਤੇ ਬੈਠ ਕਹਿੰਦੀ ਹੈ ,,,ਤੈਨੂੰ ਕਿਹਾ ਸੀ ਨਾ,,, ਮੈਨੂੰ ਸੈਡ endings ਪਸੰਦ ਨੀ,,,,!

ਜਾਨ ਤੇ ਸਾਂਝ ਬਹੁਤ ਮੁਸ਼ਕਿਲ ਨਾਲ਼ ਹਸੀ ਕੰਟਰੋਲ ਕਰ ਚੁੱਪ ਖੜ੍ਹ ਜਾਂਦੇ ਹਨ । ਜਾਨ ਉਹਨਾਂ ਨੂੰ ਫੋਨ ਵਿੱਚ ਕੈਪਚਰ ਕਰਨ ਲੱਗ ਗਿਆ।

ਅਗਮ ਬਹੁਤ ਖੁਸ਼ ਹੋ ਭਰੀਆਂ ਅੱਖਾਂ ਨਾਲ਼ ਨੀਚੇ ਬੈਠ ਗੁਲਾਬ ਫੜਦਾ ਹੈ ਤੇ ਰਮਜ਼ ਨੂੰ ਹੱਥ ਫੜ ਖੜੀ ਕਰਦਾ ਹੈ ,,,,ਇੰਨੇ ਨੂੰ ਬਹੁਤ ਸਾਰੀਆਂ ਤਿਤਲੀਆਂ ਉਹਨਾਂ ਦੇ ਆਸ ਪਾਸ ਮੰਡਰਾਉਣ ਲੱਗ ਜਾਂਦੀਆਂ ਹਨ ,,,,,ਤੇ ਉਸ ਪਲ ਨੂੰ ਹੋਰ ਖੂਬਸੂਰਤ ਬਣਾ ਦਿੰਦੀਆਂ ਹਨ,,,,,,

ਇੰਨੇ ਨੂੰ ,,, ਸ਼ਬਦ ਰਮਣੀਕ ਤੇ ਮੰਮੀ ਪਾਪਾ ਵੀ ਆ ਗਏ,,,,ਅਗਮ ਤੇ ਰਮਜ਼ ਬਹੁਤ ਖੁਸ਼ ਹੋ ਉਹਨਾਂ ਦੇ ਗਲ਼ ਮਿਲਦੇ ਹਨ,,,, ਰਮਜ਼ ਦੇ ਮੰਮੀ ਤੇ ਸ਼ਬਦ ਉਸ ਵੱਲ ਵੇਖਦੇ ਹਣ ਤੇ ਕਹਿੰਦੇ ਹਨ,,ਅਸੀਂ ਤਾਂ ਕਰ ਆਏ ਵਿਆਹ ਦੀ ਸ਼ੌਪਿੰਗ ,,,, ਹੁਣ ਅਗਲੇ ਹਫ਼ਤੇ ਤਿਆਰ ਹੋਜਾ ਸਾਡੀ ਮੁਸੀਬਤ ਆਪਣੇ ਸਿਰ ਪਾਉਣ ਲਈ ,,,,,, ਸਾਰੇ ਹੱਸਣ ਲੱਗ ਜਾਂਦੇ ਹਨ,,, ਅਗਮ ਮਨ ਵਿੱਚ ਸੋਚਦਾ ਹੈ ਵਿਆਹ ,,,,,,!

ਰਮਜ਼ ਉਸ ਵੱਲ ਦੇਖ ਸਭ ਤੋਂ  ਚੋਰੀ ਅੱਖ ਮਾਰਦੀ ਹੈ ਤੇ ਉਹ ਹੱਸਣ ਲੱਗ ਜਾਂਦਾ ਹੈ।

ਦਿਲਜਾਨ ਸਭਦੀ ਫੋਟੋ ਖਿੱਚਣ ਲੱਗ ਦਾ ਹੈ ਕਿ ਰਮਜ਼ ਦੇ ਪਾਪਾ ਕਿਸੇ ਅਣਜਾਣ ਨੂੰ ਫੋਨ ਫੜਾ ਉਸਨੂੰ ਮੋਢਿਆਂ ਤੋ ਫੜ੍ਹ ਆਪਣੇ ਕੋਲ ਖੜਾ ਲੈਂਦੇ ਹਨ,,,ਤੂੰ ਵੀ ਤਾਂ ਫੈਮਲੀ ਮੈਂਬਰ ਏ,,,ਸਾਡੇ ਸਭਦੇ ਦਿਲਾਂ ਚ ਜਾਨ ਭਰਨ ਵਾਲ਼ਾ,,,, ਜਾਨ ਹੱਸਣ ਲੱਗ ਜਾਂਦਾ ਹੈ ਤੇ ,,,,ਸਭ ਇੱਕ ਫੋਟੋ ਕਰਵਾਉਂਦੇ ਹਨ,,,

ਕਰਦੇ ਕਰਾਉਂਦੇ ਵਿਆਹ ਦਾ ਦਿਨ ਵੀ ਆ ਜਾਂਦਾ ਹੈ ,,,, ਅਸਲ ਵਿਚ ਪੁਣੇ ਨੂੰ ਵਿਆਹ ਦੀ ਡੈਸਟਿਨੇਸ਼ਨ ਬਣਾਇਆ ਗਿਆ ਸੀ ,,, ਅਗਮ ਨੂੰ ਲੱਗ ਰਿਹਾ ਸੀ ਇਹ ਉਸਦਾ ਪਲੈਨ ਏ ਘੁੰਮਣ ਦਾ ,,, ਪਰ ਅਸਲ ਵਿੱਚ ਇਹ ਸਭ ਦਿਲਜਾਨ ਦਾ ਪਲੈਨ ਸੀ ,,, ਜੋਕਿ ਰਮਜ਼ ਦਾ ਦੋਸਤ ਸੀ ਤੇ ਹੁਣ ਦੋਵੇਂ ਪਰਿਵਾਰਾਂ ਦਾ ਵੀ ,,,,,,,ਦਿਲਜਾਨ ਸਟੇਜ ਉੱਤੇ ਮਾਇਕ ਫ਼ੜ ਕਹਿੰਦਾ ਹੈ ,,,, ਬਹੁਤ ਸੁਣਿਆ ਸੀ ,,ਮੁੰਡਾ ਕੁੜੀ ਦੋਸਤ ਨੀ ਹੋ ਸਕਦੇ ,,,! ਦੋਸਤ ਨਾਮ ਦੀ ਕੋਈ ਚੀਜ਼ ਹੀ ਨੀਂ ਹੁੰਦੀ ,,,,, ਫਿਰ ਖੁਸ਼ ਹੁੰਦਾ ਕਹਿੰਦਾ ਹੈ ,,,ਪਰ ਅਸੀਂ ਦੋਸਤੀ ਪਾਈ ਵੀ ,,ਤੇ ਨਿਭਾਈ ਵੀ ਅੱਖਾਂ ਭਰ ਆਉਂਦਾ ਹੈ ਤੇ ਫਿਰ ਇਕਦਮ ਖੁਸ਼ ਹੋਕੇ ਕਹਿੰਦਾ,,,ਅੱਜ ਬਹੁਤ ਖੁਸ਼ ਆਂ ਮੈਂ ਇਸ ਚੁੜੇਲ ਨੂੰ ਖੁਸ਼ ਦੇਖ ਕੇ ,,,,

ਜਾਨ ਰਮਜ਼ ਨੂੰ ਮਾਇਕ ਫੜਾਉਂਦਾ ਹੈ ,,,, ਹਮ ,,, ਸਾਨੂੰ ਤਾਂ ਖੁਸ਼ ਕਰ ਲਿਆ , ਹੁਣ ਆਪਣੀ ਖੁਸ਼ਖਬਰੀ ਵੀ ਦੱਸ ,,,,, ਦਿਲਜਾਨ ਸ਼ਰਮਾਉਂਦਾ ਕਹਿੰਦਾ ਹੈ ,,,ਓਹ ਜੀ ਹਫਤੇ ਬਾਅਦ ਮੇਰੀ ਵੀ engagement ਆ ਤੁਸੀ ਸਭਨੇ ਪਹੁੰਚਣਾ ਆ ,,,, ਸਾਰੇ ਉਸ ਵੱਲ ਦੇਖ ਹੱਸਣ ਲੱਗ ਜਾਂਦੇ ਹਨ ,,,,

**ਵੀਹ ਸਾਲ ਬਾਅਦ**

ਅੱਜ ਰਮਜ਼ ਆਪਣੀ ਡਾਇਰੀ ਵਿਚ ਵੀਹ ਸਾਲ ਬਾਅਦ ਕੁਝ ਲਿਖਦ ਰਹੀ ਸੀ ,,,,

**ਮੇਰੀ ਜ਼ਿੰਦਗੀ ਖੁਸ਼ਨੁਮਾ ਬਾਤ ਜਹੀ**



(ਤਹਿਜ਼ੀਬ)

ਮੈ ਜੋ ਚਾਹਿਆ ਓਹ ਪਾਇਆ ਏ,

ਕਦੇ ਸ਼ਾਇਰੀ ਹਾਸਿਆਂ ਦੀ ਕੀਤੀ ਤੇ,
ਕਦੇ ਗੀਤ ਖ਼ੁਸ਼ੀਆਂ ਦਾ ਗਾਇਆ ਏ,

ਸਕੂਨ ਮਿਲ ਜਾਂਦਾ ਕੁਦਰਤ ਦੇ ਵਿੱਚ,
ਜਦ ਜਦ ਰੂਹ ਨੇ ਚਾਹਿਆ ਏ ,

ਮੈਨੂੰ ਚੰਨ ਨੇ ਮਾਜ਼ਰਤ ਦਿੱਤੀ ਤੇ,
ਸੂਰਜ ਨੇ ਪਾਠ ਪੜਾਇਆ ਏ,

ਖ਼ੁਸ਼ ਰਹਿਣ ਦੀ ਦੇ ਮਨਜ਼ੂਰੀ
ਰੌਣਕਾਂ ਮੰਜਾ ਡਾਹਿਆ ਏ,

ਜਦ ਜਦ ਵੀ ਦੁਨੀਆ ਨਕਾਰਦੀ ਸੀ,
ਖ਼ੁਦਾ ਨੇ ਘੁੱਟ ਸੀਨੇ ਨਾਲ਼ ਲਾਇਆ ਏ,



(ਤਹਿਜ਼ੀਬ)

**ਮੇਰੀ ਜ਼ਿੰਦਗੀ ਖੁਸ਼ਨੁਮਾ ਬਾਤ ਜਹੀ**

**ਮੈ ਜੋ ਚਾਹਿਆ ਓਹ ਪਾਇਆ ਏ ।।**

" ਮੰਮਾ ,,,,!! "

ਸੋਫ਼ੇ ਉੱਤੇ ਸਾਂਝ ਨਾਲ਼ ਬੈਠੇ ਇੱਕ ਪੰਜ ਸਾਲ ਦੇ ਬੱਚੇ ਦੀ ਅਵਾਜ਼ ਆਉਂਦੀ ਹੈ ।

ਰਮਜ਼ ਉਸਦੇ ਸਾਹਮਣੇ ਅਗਮ ਨਾਲ਼ ਬੈਠੀ ਮੂੰਹ ਨਾਲ਼ ਇਸ਼ਾਰਾ ਕਰ ਅੱਕਿਆ ਹੋਇਆ ਮੂੰਹ ਬਣਾਉਂਦੀ ਹੈ ,,,

ਪੌੜੀਆਂ ਤੋਂ ਇੱਕ ਤਿੰਨ ਸਾਲ ਦੀ ਨਿੱਕੀ ਜਹੀ ,ਪਿਆਰੀ ਕੁੜੀ ਆਪਣੇ ਇੱਕ ਹੱਥ ਵਿੱਚ ਆਪਣੇ ਸ਼ੂਜ਼ ਤੇ ਦੂਜੇ ਹੱਥ ਨਾਲ਼ ਆਪਣੇ ਵਾਲ਼ ਸੰਭਾਲੀ ਨਿੱਕੇ ਨਿੱਕੇ ਕਦਮਾਂ ਨਾਲ ਬਹੁਤ ਤਸ਼ੱਦਤ ਕਰਕੇ ਉਤਰ ਰਹੀ ਹੁੰਦੀ ਹੈ ,,,,,,,ਓਹ ਨਿੱਕਾ ਮੁੰਡਾ ,,ਉਸ ਵੱਲ ਜਾਂਦਾ ਹੈ ਤੇ ਉਸ ਨੂੰ ਗੋਦੀ ਚੁੱਕ ਨੀਚੇ ਉਤਾਰ ਲਿਆਉਂਦਾ ਹੈ ,,,,ਸਾਰੇ ਉਸਨੂੰ ਵੇਖ ਖੜੇ ਹੋ ਜਾਂਦੇ ਹਨ ,,ਓਹ ਨਿੱਕਾ ਮੁੰਡਾ ਉਸਨੂੰ ਸੋਫ਼ੇ ਤੇ ਬਿਠਾ ਉਸਦੇ ਸ਼ੂਜ਼ ਪਾਉਂਦਾ ਖੜਾ ਹੁੰਦਾ ਹੈ ,,,,,

ਤੇ ਉਸ ਵੱਲ ਦੇਖਦਾ ਰਹਿੰਦਾ ਹੈ ,,,!!

ਓਹ ਦੰਦ ਦਿਖਾਉਂਦੀ ਸਭ ਵੱਲ ਦੇਖ ਕਹਿੰਦੀ ਹੈ ,,, ਹੀ ਹੀ ਸੋਰੀ

ਥੋਰਾ ਲੇਤ ਹੋਗੀ ,,,,,,

ਓਹ ਨਿੱਕਾ ਮੁੰਡਾ ਉਸ ਵੱਲ ਦੇਖਦਾ ਰਹਿੰਦਾ ਹੈ ,,,,

ਤਾਂ ਓਹ ਕਹਿੰਦੀ ਹੈ ,,,ਓਹੋ ਵੀਰ ਜੀ ,,,,ਤੁਸੀ ਮੈਨੂੰ ਘੂਰੋ ਨਾ ,,,, ਮੈਂ ਕੋਈ ਤਿੰਨ ਸਾਲ ਦੀ ਬੱਚੀ ਤਾਂ ਨਹੀਂ ,,,,



(ਤਹਿਜ਼ੀਬ)

ਓਹ ਉਸ ਵੱਲ ਦੇਖਦਾ ਕਹਿੰਦਾ ਹੈ , ਹਾਂ ਕਿਉਕਿ ਤੂੰ ਸਾਢੇ ਤਿੰਨ ਸਾਲ ਦੀ ਏਂ।

ਅਗਮ ਤੇ ਰਮਜ਼ ਉਹਨਾਂ ਵੱਲ ਦੇਖਦੇ ਹੱਸਦੇ ਰਹਿੰਦੇ ਹਨ ਤੇ ਇੰਨੇ ਨੂੰ ਫੋਟੋਗਰਾਫ਼ਰ ਆ ਜਾਂਦਾ ਹੈ ।

ਇੰਨੇ ਨੂੰ ਸ਼ਬਦ-ਰਮਣੀਕ,ਉਹਨਾਂ ਦੇ ਬੱਚੇ ,ਪਾਪਾ-ਮੰਮੀ ,ਦਿਲਜਾਨ ਉਸਦੀ ਵਾਈਫ਼ ਤੇ ਦਿਲਜਾਨ ਦੇ ਹੱਥ ਵਿਚ ਇੱਕ ਨਿੱਕਾ ਬੱਚਾ ਸੀ , ਜੋਕਿ ਸਭਨੂੰ ਦੇਖ ਸਮਾਇਲ ਕਰ ਰਿਹਾ ਸੀ।

ਫ਼ੋਟੋਗਰਾਫਰ ਫੈਮਿਲੀ ਫੋਟੋ ਖਿੱਚਦਾ , ਸਾਰਿਆਂ ਨਾਲ਼ ਉੱਚੀ ਆਵਾਜ਼ ਵਿੱਚ ਕਹਿੰਦਾ ਹੈ " ਹੈਪੀ ਐਂਡਿੰਗ " ਸਾਰੇ ਇੱਕ ਦੂਜੇ ਵੱਲ ਦੇਖ ਕੇ ਹੱਸਣ ਲੱਗ ਜਾਂਦੇ ਹਨ ।

ਇੰਝ ਸੋਚ ਕਿ ਜ਼ਿੰਦਗ਼ੀ ਜੰਨਤ ਏ , ਉਸ ਜੰਨਤ ਚ ਹਾਸਿਆਂ ਦਾ ਘੇਰਾ ਹੋਵੇ

ਖ਼ੁਦ ਨੂੰ ਖੁਸ਼ਨੁਮਾ ਬਣਾ ਤੇ ਖੁਸ਼ੀਆਂ ਬਿਖੇਰ....

ਕੋਈ ਟੁੱਟਿਆ ਵੀ ਸੁਣ ਜੁੜ ਜਾਏ ,ਜਦ ਕਿਸੇ ਗੱਲ ਵਿੱਚ **ਜ਼ਿਕਰ ਤੇਰਾ ਹੋਵੇ** ।।



(ਤਹਿਜ਼ੀਬ)

## ਅੰਤਿਮ ਨੋਟ :-

ਸਾਡੀ ਜ਼ਿੰਦਗੀ ਵੀ ਇਸ ਤਰ੍ਹਾਂ ਦੀ ਹੀ ਹੁੰਦੀ ਏ ਅਸੀਂ ਪੂਰਨਤਾ ਲੱਭਦੇ-ਲੱਭਦੇ , ਸਹੀ ਗਲਤ ਵਿੱਚ ਇੰਨਾ ਉਲਝ ਜਾਂਦੇ ਆਂ ਕਿ ਸਭ ਅਧੂਰਾ ਛੱਡ ਦੇ ਚਲੇ ਜਾਂਦੇ ਹਾਂ ਪਰ ਆਖ਼ਿਰ ਨੂੰ ਹਾਸੇ ਮਿਲਦੇ ਉਥੋਂ ਈ ਨੇ ਜਿਥੋਂ ਗਵਾਚੇ ਹੋਣ । ਕਿਉਂਕਿ ਅਕਸਰ ਅਸੀਂ ਉਹਨਾਂ ਨੂੰ ਨਜ਼ਰ ਅੰਦਾਜ਼ ਕਰ ਭੱਜਦੇ ਰਹਿੰਦੇ ਹਾਂ,ਇੱਕ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਏ ਜ਼ਿੰਦਗੀ ਤੇ ਜ਼ਿੰਦਗੀ ਦਾ ਸਫ਼ਰ ਭਾਵੇਂ ਕਿੰਨਾ ਵੀ ਕਠੋਰ ਕਿਉਂ ਨਾ ਹੋਵੇ , ਅੰਤ ਹਮੇਸ਼ਾ ਸੁਖਦਾਈ ਹੀ ਹੁੰਦਾ ਏ ਤੇ ਜੇ ਤੁਹਾਨੂੰ ਲੱਗ ਰਿਹਾ ਏ ਕਿ ਅੰਤ ਸੁਖਦਾਈ ਨੀਂ ਤੇ ਪਿਕਚਰ ਅਭੀ ਬਾਕੀ ਹੈ ਮੇਰੇ ਦੋਸਤ ..... ਜਿੱਤਣ ਦੀ ਆਦਤ ਪਾਓ ਵੀ ਤੇ ਨਿਭਾਓ ਵੀ । ਖੁਸ਼ ਰਹੋ ਹੱਸਦੇ ਰਹੋ ਤੇ  ਰਿਸ਼ਤਿਆ ਨੂੰ ਸਮਝੋ , ਹਰ ਰਿਸ਼ਤੇ ਦੀ ਜ਼ਿੰਦਗੀ ਵਿੱਚ ਇੱਕ ਖੁਸ਼ਨੁਮਾ ਥਾਂ ਹੁੰਦੀ ਏ , ਚੰਗਾ ਏ ਜੇ ਹਰੇਕ ਰਿਸ਼ਤੇ ਨੂੰ ਆਪਣੀਆਂ ਖੁਸ਼ੀਆਂ ਭਰੀਆਂ ਥਾਵਾਂ ਤੇ ਰਖਿਆ ਜਾਵੇ ਤੇ ਇੱਕ ਦੂਜੇ ਦੀ ਜ਼ਿੰਦਗੀ ਵਿੱਚ ਖ਼ੁਸ਼ੀਆਂ ਤੇ ਹਾਸਿਆਂ ਦੇ ਰੰਗ ਬਿਖੇਰੇ ਜਾਣ, ਇੱਕ ਦੂਜੇ ਨੂੰ ਸਮਝਿਆ ਜਾਵੇ ਤੇ ਸਮਝਾਇਆ ਜਾਵੇ ,ਇੰਨਾ ਸਕਾਰ ਸੋਚੋ ਕਿ ਜਦ ਅਤੀਤ ਵਿੱਚ ਜੁੜੇ ਕਿਸੇ ਵੀ ਵਾਕੇ ਦਾ ਖ਼ਿਆਲ ਆਵੇ ,ਤਾਂ ਤੁਹਾਡੇ ਚਿਹਰੇ ਤੇ ਹਾਸਿਆਂ ਦਾ ਜ਼ਿਕਰ ਹੋ ਜਾਵੇ । ਹਰ ਇੱਕ ਦੀਆਂ ਖੁਸ਼ੀਆਂ ਦਾ ਕਾਰਣ ਬਣੋ । ਜ਼ਿੰਦਗੀ ਦੀਆਂ ਤਹਿਜ਼ੀਬਾਂ ਨਾ ਵਿਗਾੜੋ ਤੇ ਨਾ ਵਿਗੜਨ ਦਿਓ ,ਖੁਸ਼ ਰਹੋ ਆਬਾਦ ਰਹੋ, ਜੀਓ ਤੇ ਜੀਣ ਦਿਓ ।।

*******



(ਤਹਿਜ਼ੀਬ)

**Jad Zikar Tera Hove**

**By :- Tehzeeb**

**E-mail :- tehzeeb865@gmail.com**

**ਸਮਾਪਤ**

**All rights are reserved ©**



(ਤਹਿਜ਼ੀਬ)